# ਹੱਸਦੀ ਸੌਗਾਤ

ਕਰਤਾਰ ਸਿੰਘ ਪੰਛੀ



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਸ: ਸਤਿੰਦਰ ਸਿੰਘ ਜੀ 'ਪਰਿਆਸੀ' ਨੂੰ
ਪਿਆਰ ਸਹਿਤ ਭੇਂਟ

ਕਰਤਾਰ ਸਿੰਘ 'ਪੰਛੀ'
ਪ੍ਰਧਾਨ, ਪੰਜਾਬੀ ਸਾਹਿਤ ਸਭਾ
ਮਾਲੇਰ ਕੋਟਲਾ (ਸੰਗਰੂਰ)
27.8.94

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਫੁੱਲਾਂ ਦੀ ਮੁਸਕਾਨ
[ਕਾਵਿ-ਸੰਗ੍ਰਹਿ]

ਇਹ ਵੀ ਕੌਮ ਦਾ ਧਨ, ਜੋ ਰੁਲਦੇ ਸੜਕਾਂ 'ਤੇ।
'ਪੰਛੀ' ਕਰੋ ਸੰਭਾਲ, ਜੋ ਕਰਮਾਂ ਮਾਰੇ ਹਨ।
ਕ. ਸ, 'ਪੰਛੀ'

Sri Satguru Jagjit Singh Ji eLibrary NamdhariElibrary@gmail.com

ਲੇਖਕ ਦੀਆਂ ਹੋਰ ਰਚਨਾਵਾਂ :

- ਸਰਦਲ (ਗ਼ਜ਼ਲ ਸੰਗ੍ਰਹਿ) 1982
- ਸਿਦਕ-ਕਥੂਰੀ (ਗ਼ਜ਼ਲ ਸੰਗ੍ਰਹਿ) 1985
- ਮੁੜ੍ਹਕੇ ਦੀ ਕੁੱਖ (ਕਾਵਿ-ਸੰਗ੍ਰਹਿ) 1989

ਸੰਪਾਦਨ :

- ਪੀੜਾਂ ਦੀ ਮਹਿਕ (ਕਾਵਿ-ਸੰਗ੍ਰਹਿ) 1980

Sri Satguru Jagjit Singh Ji eLibrary NamdhariElibrary@gmail.com

# ਫੁੱਲਾਂ ਦੀ ਮੁਸਕਾਨ

ਕਰਤਾਰ ਸਿੰਘ ਪੰਛੀ

**ਪੁਸ਼ਪ ਸਾਹਿਤ ਪ੍ਰਕਾਸ਼ਨ**
ਮਾਲੇਰ ਕੋਟਲਾ, ਸੰਗਰੂਰ

Sri Satguru Jagjit Singh Ji eLibrary NamdhariElibrary@gmail.com

PHULLAN DI MUSKAN
(A collection of Poems, Songs and Ghazals)

By : Kartar Singh Panchhi M.A.B,Ed
B-XX-383 New Basti,
Maler Kotla (Sangrur)

© ਕਰਤਾਰ ਸਿੰਘ 'ਪੰਛੀ'

ਪਹਿਲੀ ਵਾਰ : 1991
ਸਰਵਰਕ : ਸਵਰਨਜੀਤ ਸਵੀ

ਪ੍ਰਕਾਸ਼ਕ :
ਪੁਸ਼ਪ ਸਾਹਿਤ ਪ੍ਰਕਾਸ਼ਨ
ਨਵੀਂ ਬਸਤੀ, ਮਾਲੇਰ ਕੋਟਲਾ (ਸੰਗਰੂਰ)

ਛਾਪਕ :
ਲੋਅ ਪ੍ਰਿੰਟਰਜ਼
ਚੌਕ ਹੁਸੈਨਪੁਰਾ, ਅੰਮ੍ਰਿਤਸਰ

ਮੁੱਲ : 30 ਰੁਪਏ

Sri Satguru Jagjit Singh Ji eLibrary NamdhariElibrary@gmail.com

ਮੇਰੀ ਦੋਹਤੀ ਹਰਸਿਮਰਨਜੀਤ ਕੌਰ [ਸੋਨੂੰ]

ਬੇਟੀ : ਇਕਬਾਲ ਸਿੰਘ (ਲੁਧਿਆਣਾ)

ਪੋਤੀ : ਸ਼੍ਰੀ ਮਲਕੀਅਤ ਸਿੰਘ B.A.O.T.

ਦੇ ਨਾਂ

ਜਿਸ ਦੇ ਨਕਸ਼ਾਂ ਵਿਚੋਂ ਉਜਲੇ ਭਵਿੱਖ ਦੇ ਸੰਕੇਤ
ਦਿਖਾਈ ਦਿੰਦੇ ਹਨ ।



ਕੋਮਲ ਫੁੱਲਾਂ ਵਰਗੇ ਬੱਚੇ ਸਾਰੇ ਹਨ ।
ਤਾਹੀਂ ਮੈਨੂ ਲੱਗਦੇ ਬੜੇ ਪਿਆਰੇ ਹਨ ।
ਕ. ਸ. 'ਪੰਛੀ'

Sri Satguru Jagjit Singh Ji eLibrary NamdhariElibrary@gmail.com

## ਸਮਰਪਿਤ

- ਕੌਮ ਦੇ ਸਮੂਹ ਬੱਚਿਆਂ ਨੂੰ, ਜਿਨ੍ਹਾਂ ਨੇ ਦੇਸ਼ ਦੇ ਮਾਲਕ ਹੋਣਾ ਹੈ। ਇਕ ਪਵਿੱਤਰ ਇੱਛਾ ਨਾਲ ਕਿ ਉਹ ਮਿਹਨਤੀ, ਸੱਚ ਬੋਲਣ ਵਾਲੇ, ਦ੍ਰਿੜ੍ਹ ਇਰਾਦੇ ਵਾਲੇ, ਯਤਨਸ਼ੀਲ, ਮਾਪਿਆਂ ਅਤੇ ਅਧਿਆਪਕਾਂ ਦਾ ਸਤਿਕਾਰ ਕਰਨ ਵਾਲੇ ਦੇਸ਼ ਭਗਤ ਹਣ !
- ਉਨ੍ਹਾਂ ਸਮੂਹ ਦੇਸ਼ ਭਗਤ ਸੂਰਮਿਆਂ ਨੂੰ, ਜਿਨ੍ਹਾਂ ਨੇ ਦੇਸ਼, ਕੌਮ ਅਤੇ ਸੱਚ ਲਈ ਜਾਨਾਂ ਵਾਰੀਆਂ ਹਨ।

**ਕ. ਸ. 'ਪੰਛੀ'**

## ਧੰਨਵਾਦ

ਡਾ. ਰਵਿੰਦਰ 'ਰਵੀ', ਡਾ. ਐਸ. ਤਰਸੇਮ, ਡਾ. ਅਮਰ 'ਕੋਮਲ', 'ਨਾਜ਼' ਭਾਰਤੀ, ਦਾਸ ਰਾਮ 'ਦੋਸ਼ੀ' ਅਤੇ ਜਗਦੀਸ਼ ਪ੍ਰਸ਼ਾਦ ਕੌਸ਼ਿਕ ਹੁਰਾਂ ਦਾ, ਜਿਨ੍ਹਾਂ ਨੇ ਮੈਨੂੰ 'ਫੁੱਲਾਂ ਦੀ ਮੁਸਕਾਨ' (ਬਾਲ-ਸਾਹਿਤ) ਪ੍ਰਕਾਸ਼ਿਤ ਕਰਵਾਉਣ ਲਈ ਵਡਮੁੱਲਾ ਸਹਿਯੋਗ ਦਿੱਤਾ।

**ਕ. ਸ. 'ਪੰਛੀ'**

Sri Satguru Jagjit Singh Ji eLibrary NamdhariElibrary@gmail.com

# ਮੁਖਬੰਦ

ਬੱਚੇ ਕਿਸੇ ਕੌਮ ਦਾ ਅਮੋਲਕ ਖ਼ਜ਼ਾਨਾ ਹੁੰਦੇ ਹਨ। ਇਨ੍ਹਾਂ ਦੀ ਪਾਲਣਾ ਉੱਤੇ ਹੀ ਕੌਮ ਦਾ ਭਵਿੱਖ ਨਿਰਭਰ ਕਰਦਾ ਹੈ। ਸਰੀਰਕ ਵਿਕਾਸ ਤਾਂ ਖ਼ੁਰਾਕ ਅਤੇ ਕਸਰਤ ਨਾਲ ਹੁੰਦਾ ਹੈ ਪਰ ਮਾਨਸਿਕ ਤੇ ਬੌਧਿਕ ਵਿਕਾਸ ਲਈ ਯੋਗ ਮਾਪੇ, ਸੁਹਿਰਦ ਅਧਿਆਪਕ ਅਤੇ ਵਧੀਆ ਪੁਸਤਕਾਂ ਦੀ ਲੋੜ ਹੁੰਦੀ ਹੈ। ਕਹਾਣੀਆਂ ਜਿਨ੍ਹਾਂ ਨੂੰ ਆਮ ਭਾਸ਼ਾ ਵਿੱਚ ਬਾਤਾਂ ਕਿਹਾ ਜਾਂਦਾ ਹੈ, ਬੱਚੇ ਅਕਸਰ ਰਾਤ ਵੇਲੇ ਆਪਣੇ ਘਰ ਦੇ ਬਜ਼ੁਰਗਾਂ ਤੋਂ ਸੁਣਦੇ ਆਏ ਹਨ। ਇਸ ਨਾਲ ਉਨ੍ਹਾਂ ਦੀ ਕਲਪਨਾ ਦੀ ਸੀਮਾ ਵਿਸ਼ਾਲ ਤੋਂ ਵਿਸ਼ਾਲਤਮ ਹੁੰਦੀ ਜਾਂਦੀ ਹੈ। ਅੱਜ ਦੇ ਵਿਗਿਆਨਕ ਯੁੱਗ ਵਿੱਚ ਬਜ਼ੁਰਗਾਂ ਦੀ ਥਾਂ ਰੇਡੀਓ ਤੇ ਦੂਰ-ਦਰਸ਼ਨ ਤੋਂ ਪੇਸ਼ ਕੀਤੀਆਂ ਜਾਣ ਵਾਲੀਆਂ ਕਹਾਣੀਆਂ, ਗੀਤ ਅਤੇ ਨਾਟਕ ਲੈ ਗਏ ਹਨ, ਜੋ ਨਿਰੋਲ ਬੱਚਿਆਂ ਦੇ ਮਾਨਸਿਕ ਤੇ ਬੌਧਿਕ ਵਿਕਾਸ ਲਈ ਤਿਆਰ ਕੀਤੇ ਹੁੰਦੇ ਹਨ। ਇਨ੍ਹਾਂ ਵਿੱਚੋਂ ਕੁਝ ਰਚਨਾਵਾਂ ਪਹਿਲਾਂ ਰਸਾਲਿਆਂ ਜਾਂ ਪੁਸਤਕਾਂ ਵਿੱਚ ਵੀ ਛਪੀਆਂ ਹੁੰਦੀਆਂ ਹਨ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਬੱਚਿਆਂ ਲਈ ਲਿਖੀਆਂ ਪੁਸਤਕਾਂ ਦਾ ਵਿਸ਼ਾ ਵਸਤੂ ਕੀ ਹੋਵੇ ਅਤੇ ਉਸ ਦਾ ਪੱਧਰ ਕਿਹੋ ਜਿਹਾ ਹੋਵੇ ?

ਪੰਜਾਬੀ ਵਿੱਚ ਬਾਲ ਸਾਹਿਤ ਦੀ ਬਹੁਤ ਘਾਟ ਹੈ। ਜੇ ਕੁਝ ਲਿਖਿਆ ਵੀ ਗਿਆ ਹੈ ਤਾਂ ਉਹ ਵੀ ਬਹੁਤਾ ਮਿਆਰੀ ਨਹੀਂ ਹੈ। ਕਿਸ਼ੋਰ ਅਵਸਥਾ ਤੋਂ ਪਹਿਲਾਂ ਪੜ੍ਹੇ ਜਾਣ ਲਈ ਲਿਖਿਆ ਪੰਜਾਬੀ ਬਾਲ ਸਾਹਿਤ ਵਧੇਰੇ ਕਥਾ ਜਾਂ ਕਾਵਿ ਰੂਪ ਵਿੱਚ ਮਿਲਦਾ ਹੈ। ਕੁਝ ਕਹਾਣੀਆਂ ਨੂੰ ਵੀ ਕਵਿਤਾ ਵਿੱਚ ਢਾਲ ਕੇ ਪੇਸ਼ ਕੀਤਾ ਗਿਆ ਹੈ। ਪਰ ਵੇਖਣ ਵਾਲੀ ਗੱਲ ਇਹ ਹੈ ਕਿ ਕੀ ਇਹ ਸਾਹਿਤ ਬੱਚਿਆਂ ਅੰਦਰ ਆਪਣੀ ਧਰਤੀ ਬਾਰੇ ਮੋਹ ਜਗਾਉਣ, ਇਸ ਨੂੰ ਸਮਝਣ ਅਤੇ ਇਸ ਲਈ ਕੁਝ ਕਰਨ ਲਈ ਪ੍ਰੇਰਨਾ ਸਰੋਤ ਬਣਦਾ ਹੈ ਅਤੇ ਕੀ ਇਹ ਮਨੁੱਖਤਾ ਲਈ ਹਮਦਰਦੀ, ਪਿਆਰ, ਸਹਿਯੋਗ ਆਦਿ ਦੀ ਭਾਵਨਾ ਜਗਾਉਂਦਾ ਹੈ, ਜਿਸ ਨਾਲ ਬੱਚੇ ਚੰਗੇ ਨਾਗਰਿਕ ਬਣ ਕੇ ਵੱਡੇ ਹੋ ਕੇ ਕੌਮ ਦੀ ਅਗਵਾਈ ਕਰ ਸਕਣ। ਇਸ ਲਈ ਸਰਲ ਪਰ ਖ਼ੂਬਸੂਰਤ ਭਾਸ਼ਾ ਵਿੱਚ ਹੀ ਬਾਲ ਸਾਹਿਤ ਦੀ ਰਚਨਾ ਹੋਣੀ ਚਾਹੀਦੀ ਹੈ। ਕਵਿਤਾ ਜਿਹੇ ਸਾਹਿਤਕ ਰੂਪ ਵਿੱਚ ਰਚਨਾਵਾਂ ਛੰਦਬੱਧ ਹੋਣੀਆਂ ਜ਼ਰੂਰੀ ਹਨ ਤਾਂ ਜੋ ਬੱਚੇ ਉਨ੍ਹਾਂ ਨੂੰ ਕੰਠ ਕਰ ਕੇ ਨਾ ਕੇਵਲ ਆਪ ਹੀ ਗਾ ਕੇ ਉਨ੍ਹਾਂ ਦਾ ਆਨੰਦ ਮਾਣਨ ਅਤੇ ਜੀਵਨ ਲਈ ਕੋਈ ਸੇਧ ਪ੍ਰਾਪਤ ਕਰਨ, ਸਗੋਂ ਹੋਰਾਂ ਨੂੰ ਵੀ ਸੁਣਾ ਕੇ ਉਹ ਉਨ੍ਹਾਂ ਅੰਦਰ ਚੰਗੇ ਮਨੁੱਖ ਬਣਨ ਦੀ ਭਾਵਨਾ ਪੈਦਾ ਕਰਨ।

ਪੰਜਾਬੀ ਦਾ ਅਗਾਂਹ-ਵਧੂ ਕਵੀ ਕਰਤਾਰ ਸਿੰਘ 'ਪੰਛੀ' ਸ਼ਾਇਦ ਪੰਜਾਬੀ ਵਿੱਚ ਬਾਲ ਸਾਹਿਤ ਦੀ ਘਾਟ ਨੂੰ ਮਹਿਸੂਸ ਕਰਦਾ ਹੋਇਆ 'ਫੁੱਲਾਂ ਦੀ ਮੁਸਕਾਨ' ਕਵਿਤਾ ਦੇ ਰੂਪ ਵਿੱਚ ਲੈ ਕੇ ਹਾਜ਼ਰ ਹੋਇਆ ਹੈ। ਪਹਿਲਾਂ ਉਹ ਆਪਣੀ ਉਮਰ ਦੇ ਪਾਠਕਾਂ ਲਈ ਗ਼ਜ਼ਲ ਦੀਆਂ ਪੁਸਤਕਾਂ 'ਸਰਦਲ', 'ਸਿਦਕ-ਕਥੂਰੀ' ਅਤੇ 'ਮੁੜ੍ਹਕੇ ਦੀ ਕੁੱਖ' (ਕਾਵਿ-ਸੰਗ੍ਰਹਿ) ਛਪਵਾ ਚੁੱਕਾ ਹੈ। 'ਫੁੱਲਾਂ ਦੀ ਮੁਸਕਾਨ' ਵਿੱਚ ਉਸ ਦੀਆਂ ਕਵਿਤਾਵਾਂ, ਗੀਤ, ਗ਼ਜ਼ਲਾਂ ਨਿਰੋਲ ਸਕੂਲ ਜਾਂਦੇ ਬੱਚਿਆਂ ਲਈ ਹਨ। 'ਪੰਛੀ' ਬੱਚਿਆਂ ਨੂੰ ਫੁੱਲਾਂ ਵਰਗਾ ਕੋਮਲ ਸਮਝਦਾ ਹੈ ਅਤੇ ਉਨ੍ਹਾਂ ਦੀ ਮੁਸਕਾਨ ਨੂੰ ਜ਼ਿੰਦਗੀ ਦੀ ਅਸਲ ਪ੍ਰਾਪਤੀ। ਇਹੋ ਕਾਰਨ ਹੈ ਕਿ ਉਸ ਦੀਆਂ ਰਚਨਾਵਾਂ ਕਵੀ ਦੇ ਆਪਣੇ ਖੰਭਾਂ ਵਾਂਗ ਬੱਚਿਆਂ ਨੂੰ

Sri Satguru Jagjit Singh Ji eLibrary NamdhariElibrary@gmail.com

ਦੂਰ ਦੁਰਾਡੇ ਜਾਣ, ਵੇਖਣ ਅਤੇ ਮਾਣਨ ਦੀ ਪ੍ਰੇਰਨਾ ਦਿੰਦੀਆਂ ਹਨ। ਇਹ ਰਚਨਾਵਾਂ ਬੱਚਿਆਂ ਅੰਦਰ ਇਮਾਨਦਾਰੀ, ਪਿਆਰ, ਅਹਿਸਾਸ, ਦ੍ਰਿੜ੍ਹਤਾ, ਸੇਵਾ, ਕੁਰਬਾਨੀ ਤੇ ਏਕਤਾ ਆਦਿ ਭਾਵਨਾਵਾਂ ਪੈਦਾ ਕਰ ਕੇ ਦੇਸ਼ ਦੇ ਲੋਕਾਂ ਲਈ ਕੁਝ ਕਰ ਗੁਜ਼ਰਨ ਲਈ ਹੁਲਾਰਾ ਦਿੰਦੀਆਂ ਹਨ। ਘੁੱਗੀ ਤੇ ਮੱਖੀ, ਕੱਛੂ ਤੇ ਖ਼ਰਗੋਸ਼, ਘੁਮੰਡੀ ਬਾਰਾ ਸਿੰਗਾ, ਲਾਲਚੀ ਕੁੱਤਾ, ਪਿਆਸਾ ਕਾਂ, ਲੂੰਬੜੀ ਤੇ ਅੰਗੂਰ, ਕਬੂਤਰਾਂ ਦੀ ਏਕਤਾ,ਬ੍ਰਾਹਮਣ ਤੇ ਚੀਤਾ ਆਦਿਕਹਾਣੀਆਂ ਬੱਚਿਆਂ ਨੇ ਮਾਪਿਆਂ ਜਾਂ ਅਧਿਆਪਕਾਂ ਤੋਂ ਸੁਣੀਆਂ ਹੋਣਗੀਆਂ ਪਰ ਜਦੋਂ ਉਹ ਇਨ੍ਹਾਂ ਨੂੰ 'ਪੰਛੀ' ਦੀਆਂ ਲਿਖੀਆਂ ਕਵਿਤਾਵਾਂ ਦੇ ਰੂਪ ਵਿੱਚ ਇਥੇ ਪੜ੍ਹਨਗੇ ਤਾਂ ਇਨ੍ਹਾਂ ਦਾ ਪ੍ਰਭਾਵ ਵਧੇਰੇ ਸਥਾਈ ਅਤੇ ਟਿਕਾਊ ਹੋਵੇਗਾ।ਕਰਤਾਰ ਸਿੰਘ ਪੰਛੀ ਕੇਵਲ ਪ੍ਰਚੱਲਿਤ ਕਹਾਣੀਆਂ ਨੂੰ ਕਵਿਤਾ ਦੇ ਰੂਪ ਵਿੱਚ ਹੀ ਨਹੀ ਢਾਲਦਾ, ਉਹ ਦੇਸ਼ ਪਿਆਰ ਅਤੇ ਸੰਸਾਰ ਅਮਨ ਵਰਗੇ ਮਹੱਤਵ ਪੂਰਨ ਵਿਸ਼ਿਆਂ ਨੂੰ ਗੀਤਾਂ ਅਤੇ ਗ਼ਜ਼ਲਾਂ ਦੇ ਰੂਪ ਵਿੱਚ ਪੇਸ਼ ਕਰਦਾ ਹੈ। ਇਕੋ ਹੀ ਗੀਤ ਵਿੱਚ ਉਹ ਦੇਸ਼ਪਿਆਰ ਅਤੇ ਮਨੁੱਖਤਾ ਦੇ ਭਲੇ ਦੀ ਗੱਲ ਕਰ ਕੇ ਬਾਲ ਦਿਲਾਂ ਉੱਤੇ ਇਹ ਉੱਕਰ ਦੇਣ ਦੀ ਲੋਚਾ ਰੱਖਦਾ ਹੈ ਕਿ ਆਪਣੀ ਧਰਤੀ ਨਾਲ ਮੋਹ ਤੋਂ ਅੱਗੇ ਸਾਰੀ ਦੁਨੀਆਂ ਨਾਲ ਪਿਆਰ ਦਾ ਰਾਹ ਹੀ ਜੀਵਨ ਦਾ ਅਸਲੀ ਰਾਹ ਹੈ :—

"ਇਸ ਦੇਸ਼ ਦੀਆਂ ਨਿੱਘੀਆਂ ਰਮਜ਼ਾਂ ਪਿਆਰ ਦੀ ਬੋਲੀ ਬੋਲੀ।
ਆਪ ਜੀਉ ਤੇ ਜੀਣ ਦਿਉ ਕਹਿ ਮਿੱਠੜੀ ਮਿਸ਼ਰੀ ਘੋਲੀ।
ਖਿੰਡ ਖਿੰਡ ਜਾਵਣ ਮਹਿਕਾਂ ਇਸ ਦੀਆਂ, ਡੁੱਲ੍ਹ ਡੁੱਲ੍ਹ ਪੈਂਦਾ ਚਾਉ ਕੁੜੇ—
ਦੇਸ਼ ਮੇਰਾ ਅਮਨਾਂ ਦਾ ਖੇੜਾ ਭਾਰਤ ਜਿਸ ਦਾ ਨਾਉਂ ਕੁੜੇ।"

ਇਸ ਤੋਂ ਇਲਾਵਾ 'ਪੰਛੀ' ਇਕ ਅਧਿਆਪਕ ਤੇ ਅਧਿਆਪਕ ਆਗੂ ਹੋਣ ਕਾਰਨ ਪੁੱਤਰ ਧੀ ਦੀ ਬਰਾਬਰੀ, ਨਿਰਧਨ ਬਾਲਾਂ ਦੀ ਦੁਰਦਸ਼ਾ ਬਾਰੇ ਗ਼ਜ਼ਲ ਦੇ ਕੁਝ ਸ਼ੇਅਰ ਕਹਿ ਕੇ ਨਾ ਕੇਵਲ ਬਾਲ ਮਨਾਂ ਨੂੰ ਹੀ ਵੰਗਾਰਦਾ ਹੈ, ਸਗੋਂ ਆਪਣੇ ਹਮ-ਉਮਰਾਂ ਨੂੰ ਵੀ ਝੰਜੋੜ ਕੇ ਰੱਖ ਦਿੰਦਾ ਹੈ :--

"ਪੁੱਤਰਾਂ ਧੀਆਂ ਵਰਗੇ, ਧੀਆਂ ਪੁੱਤਰ ਹਨ,
ਰਾਜਿਆਂ ਨੂੰ ਕੀ ਮਿਲਦੇ ਕਿਤੋਂ ਉਧਾਰੇ ਹਨ ?
ਇਹ ਵੀ ਕੌਮ ਦਾ ਧਨ ਜੋ ਰੁਲਦੇ ਸੜਕਾਂ 'ਤੇ,
'ਪੰਛੀ' ਕਰੋ ਸੰਭਾਲ ਜੋ ਕਰਮਾਂ ਮਾਰੇ ਹਨ।"

ਮਹਾਂਪੁਰਸ਼ਾਂ ਦਾ ਜ਼ਿਕਰ 'ਪੰਛੀ' ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿੱਚ ਵਿਆਪਕ ਪਸਰਿਆ ਨਜ਼ਰ ਆਉਂਦਾ ਹੈ। ਉਨ੍ਹਾਂ ਦੀ ਦੇਸ਼ ਭਗਤੀ, ਕੁਰਬਾਨੀ ਅਤੇ ਮਨੁੱਖਤਾ ਪ੍ਰਤੀ ਮੋਹ ਬਾਲਾਂ ਲਈ ਉਨ੍ਹਾਂ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਬਣੇਗਾ।

ਮੈਨੂੰ ਪੂਰੀ ਆਸ ਹੈ ਕਿ ਬੱਚੇ ਇਸ ਪੁਸਤਕ ਦਾ ਭਰਪੂਰ ਸੁਆਗਤ ਕਰਨਗੇ। 'ਪੰਛੀ' ਨੇ ਉਨ੍ਹਾਂ ਦੀ ਮੁਸਕਾਨ ਉਨ੍ਹਾਂ ਨੂੰ ਵੰਡੀ ਹੈ। ਪੰਜਾਬੀ ਮਾਂ ਦਾ ਜਿਨ੍ਹਾਂ ਵੀ ਬਾਲਾਂ ਨੇ ਦੁੱਧ ਚੁੰਘਿਆ ਹੈ, ਉਨ੍ਹਾਂ ਲਈ ਇਹ ਪੁਸਤਕਾਂ ਦਾ ਪੜ੍ਹਨਾ ਅਤੇ ਇਸ ਵਿੱਚਲੀਆਂ ਰਚਨਾਵਾਂ ਨੂੰ ਕੰਠ ਕਰਨਾ ਇਕ ਲਾਹੇਵੰਦ ਕਾਰਜ ਹੋਵੇਗਾ--ਇਸ ਗੱਲ ਦਾ ਮੈਨੂੰ ਪੂਰਾ ਭਰੋਸਾ ਹੈ।

ਮਿਤੀ : ਨਵ ਦਿਵਸ 1991

**ਡਾ. ਐਸ. ਤਰਸੇਮ**
821 ਗੁਰੂ ਨਾਨਕ ਕਾਲੋਨੀ,
ਮਾਲੇਰਕੋਟਲਾ।

Sri Satguru Jagjit Singh Ji eLibrary NamdhariElibrary@gmail.com

# ਕਰ ਭਲਾ ਹੋ ਭਲਾ

ਮੇਰੀ ਮਾਂ ਦੇ ਪੇਕੇ ਘਰ ਵਿੱਚ, ਬਾਤ ਸੁਣਾਵੇ ਨਾਨੀ।
ਐਸ਼ੀ ਬਾਤ ਜੋ ਬੰਦੇ ਖ਼ਾਤਰ, ਬਣ ਜਾਵੇ ਇਕ ਕਹਾਣੀ।

ਨਦੀ ਕਿਨਾਰੇ ਇਕ ਬੋਹੜ ਸੀ, ਛਾਵਾਂ ਦੇਵਣ ਵਾਲਾ।
ਸੌ ਵਰ੍ਹਿਆਂ ਜਿਸ ਗਰਮੀ ਦੇਖੀ, ਸੌ ਵਰ੍ਹਿਆਂ ਦਾ ਪਾਲਾ।

ਉਸ ਬਿਰਛ 'ਤੇ ਘੁੱਗੀ ਰਹਿੰਦੀ, ਘੁੱਗੀ ਭੋਲੀ-ਭਾਲੀ।
ਸ਼ਹਿਦ ਦੀ ਮੱਖੀ ਨੇ ਵੀ ਉੱਥੇ, ਰਹਿ ਨੇ ਸੁਰਤ ਸੰਭਾਲੀ।

ਇਸ ਤਰ੍ਹਾਂ ਹੀ ਉੱਡਦੇ ਫਿਰਦੇ, ਬਣ ਗਈ ਆਪਸ-ਦਾਰੀ।
ਆਪਸ-ਦਾਰੀ ਤੇ ਹਮਦਰਦੀ, ਦੋਹਾਂ ਨੂੰ ਸੀ ਪਿਆਰੀ।

ਇਕ ਦਿਨ ਮੱਖੀ ਨਦੀ 'ਚ ਗਿਰ ਗਈ, ਐਸੀ ਕੁਦਰਤ ਹੋਈ।
ਛੱਲਾਂ, ਪਾਣੀ ਜ਼ੋਰ ਦਾ ਚੱਲੇ, ਕੋਈ ਨਾ ਦੇਵੇ ਢੋਈ।

ਮੱਖੀ ਪਈ ਮੁਸੀਬਤ ਦੇ ਵਿੱਚ, ਘੁੱਗੀ ਨੇ ਜਦ ਤੱਕਿਆ।
ਘੁੱਗੀ ਪੱਤਾ ਤੋੜ ਕੇ ਉੱਤੋਂ, ਮੱਖੀ ਕੋਲੇ ਸੁੱਟਿਆ।

ਮੱਖੀ ਪੱਤੇ 'ਤੇ ਚੜ੍ਹ ਬੈਠੀ, ਬਹਿ ਕੇ ਖੰਭ ਸੁਕਾਵੇ।
ਸੁੱਕੇ ਖੰਭ ਤਾਂ ਹੋਸ਼ ਆ ਗਈ, ਖ਼ੂਬ ਉਡਾਰੀ ਲਾਵੇ।

ਇਸ ਤਰ੍ਹਾਂ ਘੁੱਗੀ ਨੇ ਵੇਖੋ, ਕੀਤੀ ਇਕ ਭਲਾਈ।
ਇਸ ਭਲਾਈ ਖਾਤਰ ਉਸਦੀ, ਲੱਗੀ ਨਾ ਇਕ ਰਾਈ।



Sri Satguru Jagjit Singh Ji eLibrary NamdhariElibrary@gmail.com

ਚਾਰ ਕੁ ਦਿਨ ਦੇ ਪਿੱਛੋਂ ਉੱਥੇ, ਇਕ ਸ਼ਿਕਾਰੀ ਆਇਆ।
ਓਸ ਸ਼ਿਕਾਰੀ ਬੰਨ੍ਹ ਨਿਸ਼ਾਨਾ, ਘੁੱਗੀ ਵੱਲ ਟਿਕਾਇਆ।

ਉੱਡਦੀ ਉੱਡਦੀ ਮੱਖੀ ਨੇ ਵੀ, ਦੇਖਿਆ ਜਦੋਂ ਸ਼ਿਕਾਰੀ।
ਉਸ ਨੇ ਇਕ ਦਮ ਅੱਖ ਬਚਾ ਕੇ, ਮਾਰੀ ਇਕ ਉਡਾਰੀ।

ਵੇਖਿਆ ਜਦੋਂ, ਸ਼ਿਕਾਰੀ ਨੇ ਸੀ, ਰਫਲ ਦਾ ਘੋੜਾ ਨੱਪਣਾ!
ਮੱਖੀ ਉਸ ਦੇ ਹੱਥ ਦੇ ਉੱਤੇ, ਡੰਗ ਚਲਾਇਆ ਅਪਣਾ।

ਖੁੰਝਿਆ ਜਦੋਂ ਨਿਸ਼ਾਨਾ ਇੱਦਾਂ. ਘੁੱਗੀ ਸ਼ੁਕਰ ਮਨਾਵੇ।
ਮੱਖੀ ਦੇ ਉਪਕਾਰ ਦੇ ਉੱਤੋਂ, ਵਾਰੀ ਸਦਕੇ ਜਾਵੇ।

'ਪੰਛੀ' ਸਾਡੀ ਨਾਨੀ ਸਾਨੂੰ, ਚੰਗੀ ਗੱਲ ਸਮਝਾਈ।
"ਨੇਕੀ ਤੋਂ ਨੇਕੀ ਹੈ ਮਿਲਦੀ, ਭਲਿਉਂ ਮਿਲੇ ਭਲਾਈ।"

o



Sri Satguru Jagjit Singh Ji eLibrary NamdhariElibrary@gmail.com

## ਸਫ਼ਲਤਾ ਦਾ ਭੇਦ

ਇਕ ਦਿਨ ਮੇਰਾ ਵੱਡਾ ਵੀਰਾ, ਕਹਿਣ ਲੱਗਾ ਮੁਸਕਾ ਕੇ।
'ਕਿਹੜੇ ਲੋਕੀਂ, ਜੀਵਨ-ਬਾਜ਼ੀ, ਜਿੱਤਣ ਹੁੱਮ-ਹਮਾ ਕੇ ?'

ਇਕ ਵਾਰੀ ਇਕ ਕੱਛੂਕੁੰਮਾ, ਤੇ ਖ਼ਰਗੋਸ਼ ਸੀ ਰਹਿੰਦੇ।
ਇਸ ਖ਼ਰਗੋਸ਼ ਦੇ ਚੰਚਲ ਜਜ਼ਬੇ, ਕੱਛੂਏ ਨਾਲ ਸੀ ਖਹਿੰਦੇ।

ਚੰਚਲ ਸਿਹਾ ਸੀ ਮਾਣ ਕਰੇਂਦਾ, ਆਪਣੀ ਤੇਜ਼ੀ ਉੱਤੇ।
ਪਰ ਕੱਛੂਆ ਮੁਸਕਾ ਛੱਡਦਾ ਸੀ, ਬੋਲ ਨਾ ਬੋਲੇ ਉੱਚੇ!

ਇਕ ਦਿਨ ਦੋਵੇਂ ਖਹਿੰਦੇ ਖਹਿੰਦੇ, ਦੌੜ ਲਈ ਮੰਨ ਜਾਂਦੇ।
ਦੂਰ-ਦੁਰੇਡੀ ਮੰਜ਼ਿਲ ਉੱਤੇ, ਆਪਣੀ ਨਿਗਾਹ ਟਿਕਾਂਦੇ।

ਸ਼ੁਰੂ ਹੋ ਗਈ ਦੌੜ ਉਨ੍ਹਾਂ ਦੀ, ਇਕ ਦੋ ਤਿੰਨ ਬੁਲਾ ਕੇ।
ਸੱਹਿਆ ਟਪੂਸੀ ਮਾਰ ਕੇ ਦੌੜੇ, ਸਾਰਾ ਜ਼ੋਰ ਲਗਾ ਕੇ।

ਉਸ ਨੂੰ ਆਪਣੀ ਤੇਜ਼ੀ ਉੱਤੇ, ਮਾਣ ਬੜਾ ਸੀ ਭਾਰੀ।
ਉਸ ਦੀ ਤੇਜ਼ੀ ਜਾਨਵਰਾਂ ਵਿੱਚ, ਮੰਨਦੀ ਦੁਨੀਆਂ ਸਾਰੀ।

ਥੋੜ੍ਹੀ ਦੇਰ 'ਚ ਖ਼ਰਗੋਸ਼ ਤਾਂ, ਬਹੁਤ ਦੂਰ ਲੰਘ ਜਾਵੇ।
ਕੱਛੂਆ ਆਪਣੀ ਧੀਮੀ ਚਾਲੇ, ਟੰਗ ਘੜੀਸੀ ਆਵੇ।

ਜਦੋਂ ਸੱਹੇ ਨੇ ਪਿੱਛੇ ਮੁੜ ਕੇ, ਤੱਕਿਆ ਕੱਛੂਏ ਤਾਈਂ।
ਬਹੁਤ ਦੂਰ ਉਹ ਪਿੱਛੇ ਆਵੇ, ਆਪਣੀ ਚਾਲ ਬਣਾਈ।



Sri Satguru Jagjit Singh Ji eLibrary NamdhariElibrary@gmail.com

ਮਾਣ ਮੱਤਾ ਖ਼ਰਗੋਸ਼ ਤਾਂ ਆਪਣੇ, ਮਨ ਵਿੱਚ ਸੋਚ ਦੁੜਾਏ।
ਕਿਉਂ ਨਾ ਰਾਹ ਵਿੱਚ ਠੰਢੀ ਛਾਵੇਂ, ਢੌਂਕਾ ਲਵਾਂ ਲਗਾਏ।

ਥੋਹੜਾ ਜਿਹਾ ਵਿਸ਼ਰਾਮ ਕਰਨ ਲਈ, ਬਿਰਛ ਹੇਠ ਬਹਿ ਜਾਵੇ।
ਠੰਢੀ ਪੌਣ ਤੇ ਸੰਘਣੀ ਛਾਵੇਂ, ਨੀਂਦ ਕਹਿਰ ਦੀ ਆਵੇ।

ਉਧਰ ਕੱਛੂਆ ਤੁਰਦਾ ਤੁਰਦਾ, ਆਪਣੀ ਚਾਲ ਨਹੀਂ ਛੱਡਦਾ।
ਇਕ ਸੁਚੱਜੇ ਰਾਹੀ ਵਾਂਗੂੰ, ਜਾਵੇ ਵਾਟਾਂ ਵੱਢਦਾ।

ਘੂਕ ਸੁੱਤੇ ਖ਼ਰਗੋਸ਼ ਦੇ ਕੋਲੋਂ, ਲੰਘਿਆ ਅੱਖ ਬਚਾ ਕੇ।
ਸਾਹ ਲਿਆ ਉਸ ਇਕੋ ਵਾਰੀ, ਮੰਜ਼ਿਲ ਉੱਤੇ ਜਾ ਕੇ।

ਪਿੱਛੋਂ ਜਦ ਖ਼ਰਗੋਸ਼ ਜਾਗਿਆ, ਦੌੜਿਆ ਵਾਹੋ-ਦਾਈ।
ਨਾਲੇ ਮਨ ਵਿੱਚ ਸੋਚ ਰਿਹਾ ਸੀ, ਕਾਹਤੋਂ ਸ਼ਰਤ ਲਗਾਈ।

ਕੱਛੂਆਂ ਆਪਣੀ ਮੰਜ਼ਿਲ ਉੱਤੇ, ਜਿੱਤ ਦਾ ਬਿਗਲ ਬਜਾਵੇ।
ਪਹੁੰਚ ਗਿਆ ਖ਼ਰਗੋਸ਼ ਵੀ ਪਿੱਛੋਂ, ਸੰਗੇ ਤੇ ਸ਼ਰਮਾਵੇ।

ਵੀਰਨ ਮੇਰਾ 'ਪੰਛੀ' ਤਾਈਂ, ਪਿਆਰੀ ਗੱਲ ਸਮਝਾਵੇ।
ਫੋਕੀ ਹੈਂਕੜਬਾਜ਼ੀ ਅੰਦਰ, ਕੁਝ ਵੀ ਹੱਥ ਨਾ ਆਵੇ।

ਲਗਾਤਾਰ ਜੋ ਮਿਹਨਤ ਕਰਦਾ, ਕਰਦਾ ਕਰਦਾ ਜਾਵੇ।
ਓਹੀ ਬੰਦਾ ਜੀਵਨ-ਦੌੜਾਂ, ਜਿੱਤ ਕੇ ਘਰ ਨੂੰ ਆਵੇ।

੦



Sri Satguru Jagjit Singh Ji eLibrary NamdhariElibrary@gmail.com

## ਹਰ ਚਮਕੀਲੀ ਸ਼ੈਅ ਨਹੀ ਸੋਨਾ

ਹਰ ਚਮਕੀਲੀ ਸ਼ੈਅ ਨਹੀਂ ਸੋਨਾ, ਕਹਿੰਦੇ ਲੋਕ ਸਿਆਣੇ ।
ਜਿਹੜਾ ਇਸ ਭੇਤ ਨੂੰ ਸਮਝੇ, ਖ਼ੂਬ ਜਵਾਨੀਆਂ ਮਾਣੇ ।

ਇਕ ਵਾਰੀ ਇਕ ਬਾਰਾਂ ਸਿੰਗਾ, ਤੁਰਦਾ ਸੀਨਾ ਤਾਣੇ ।
ਜ਼ੋਰ ਜਵਾਨੀ ਦਾ ਸੀ ਐਸਾ, ਸਭ ਨੂੰ ਟਿੱਚ ਕਰ ਜਾਣੇ ।

ਟੁਰਦੇ ਟੁਰਦੇ ਉਸ ਨੇ ਵੇਖੋ, ਮੋੜੇ ਇੰਝ ਮੁਹਾਣੇ ।
ਇਕ ਤਲਾ ਦੇ ਉੱਤੇ ਪੁੱਜਾ, ਕੀ ਵਰਤਣਗੇ ਭਾਣੇ ?

ਆਪਣਾ ਹੀ ਪਰਛਾਵਾਂ ਤੱਕ ਕੇ, ਮਨ ਹੀ ਮਨ ਵਿੱਚ ਠਾਣੇ ।
ਸਿੰਗ ਸੁਨੱਖੇ, ਲੱਤਾਂ ਕੁਝ ਨਹੀਂ, ਦਿੱਤੀਆਂ ਰੱਬ ਜਰਵਾਣੇ ।

ਇਕ ਸ਼ਿਕਾਰੀ ਨਾਲ ਓਸ ਦੇ, ਕੁੱਤੇ ਮਾਸਾਂ-ਖਾਣੇ ।
ਜਾਨਵਰਾਂ ਦੇ ਮਾਰ-ਮੁਕਾਏ, ਉਹਨਾਂ ਕਈ ਘਰਾਣੇ ।

ਲੱਤਾਂ ਸਦਕੇ ਦੌੜਿਆ ਜਾਵੇ, ਲਾਵਣ ਕਿਸੇ ਠਿਕਾਣੇ ।
ਐਪਰ ਉਸ ਨੂੰ ਸਿੰਗਾਂ ਵਾਲੇ, ਪੈ ਗਏ ਬੋਝ ਉਠਾਣੇ ।

ਸਿੰਘ ਸੁਨੱਖੇ, ਫਸ ਗਏ ਝਾੜੀ, ਮੰਨਣੇ ਪੈ ਗਏ ਭਾਣੇ ।
ਕੁੱਤਿਆਂ ਬੋਟੀ ਬੋਟੀ ਕੀਤੀ, ਮੁੱਕ ਗਏ ਜਿੰਦ ਦੇ ਦਾਣੇ ।

ਹਰ ਚਮਕੀਲੀ ਸ਼ੈਅ ਨਹੀਂ ਸੋਨਾ, 'ਪੰਛੀ' ਇਹ ਸਮਝਾਵੇ ।
ਜਿਹੜਾ ਇਸ ਭੇਦ ਨੂੰ ਸਮਝੇ, ਜ਼ਿੱਤ ਕੇ ਬਾਜ਼ੀ ਆਵੇ ।

o



Sri Satguru Jagjit Singh Ji eLibrary NamdhariElibrary@gmail.com

## ਲਾਲਚ ਬੁਰੀ ਬਲਾ

ਇਕ ਵਾਰੀ ਇਕ ਭੁੱਖਾ ਕੁੱਤਾ, ਵਿੱਚ ਬਾਜ਼ਾਰ ਦੇ ਜਾਵੇ ।
ਬੁੱਚੜਾਂ ਕੋਲੋਂ ਮਾਸ ਦਾ ਟੁਕੜਾ, ਚੋਰੀ ਚੁੱਕ ਲਿਆਵੇ ।

ਵੱਟੀ ਸ਼ੂਟ ਓਸ ਨੇ ਓਥੋਂ, ਭੱਜਦਾ ਵਾਹੋ-ਦਾਈ ।
ਸ਼ਹਿਰੋਂ ਬਾਹਰ ਆਣ ਕੇ ਉਸ ਨੇ, ਖਾਣ ਦੀ ਬਣਤ ਬਣਾਈ ।

ਰਾਹ ਵਿੱਚ ਹੈ ਸੀ ਪੁਲ ਦਰਿਆ ਦਾ, ਕਰਨਾ ਪਾਰ ਜ਼ਰੂਰੀ ।
ਪਾਣੀ ਵਿੱਚ ਦਰਿਆ ਦੇ ਵਗਦਾ, ਪਾਣੀ ਰੰਗ ਅੰਗੂਰੀ ।

ਵਿੱਚ ਦਰਿਆ ਦੇ ਤੱਕਿਆ ਉਸ ਨੇ, ਆਪਣਾ ਹੀ ਪਰਛਾਵਾਂ ।
ਆਪਣਾ ਹੀ ਪਰਛਾਵਾਂ ਤੱਕ ਕੇ, ਕਹੇ ਸਦਕੜੇ ਜਾਵਾਂ ।

ਉਸ ਦਾ ਟੁਕੜਾ ਖੋਹਣ ਦੀ ਖ਼ਾਤਰ, ਭੌਂਕਿਆ ਜ਼ੋਰ ਲਗਾ ਕੇ ।
ਮਾਸ ਦਾ ਟੁਕੜਾ ਉਸ ਦੇ ਮੂੰਹ 'ਚੋਂ, ਡਿੱਗਿਆ ਪਾਣੀ ਜਾ ਕੇ ।

ਆਪਣਾ ਟੁਕੜਾ ਆਪ ਗਵਾ ਕੇ, ਭੁੱਖਾ ਮਰਦਾ ਜਾਵੇ ।
ਦੁਖੜਾ ਜਰਦਾ ਸੋਚ ਸੋਚ ਕੇ, ਡਾਢਾ ਹੀ ਪਛਤਾਵੇ ।

ਲਾਲਚ ਬੁਰੀ ਬਲਾ ਓ 'ਪੰਛੀ', ਸੱਚੀ ਇਹ ਗੱਲ ਜਾਣੋਂ ।
ਫੇਰ ਕਦੀ ਨਾ ਵਾਪਸ ਮੁੜਦਾ, ਨਿਕਲੇ ਤੀਰ ਕਮਾਨੋਂ' ।

o



Sri Satguru Jagjit Singh Ji eLibrary NamdhariElibrary@gmail.com

## ਜਿੱਥੇ ਚਾਹ ਉੱਥੇ ਰਾਹ

ਇਕ ਵਾਰੀ ਇਕ ਕਾਂ ਪਿਆਸਾ, ਉੱਡਦਾ ਉੱਡਦਾ ਜਾਵੇ।
ਧੁੱਪਾਂ ਅੰਦਰ ਪਾਣੀ ਖ਼ਾਤਰ, ਡਾਢਾ ਹੀ ਕੁਰਲਾਵੇ।

ਐਪਰ ਉਸ ਪਿਆਸੇ ਕਾਂ ਨੂੰ ਲਭਿਆ ਕਿਤੋਂ ਨਾ ਪਾਣੀ।
ਜਿਸ ਪਾਣੀ ਨੇ ਪਿਆਸੇ ਕਾਂ ਦੀ, ਹੈ ਸੀ ਜਾਨ ਬਚਾਣੀ।

ਆਖ਼ਰ ਨੂੰ ਉਹ ਉੱਡਦਾ ਉੱਡਦਾ, ਇਕ ਬਾਗ਼ ਵਿੱਚ ਆਇਆ।
ਉਸ ਬਾਗ਼ ਵਿੱਚ ਜੱਗ ਪਾਣੀ ਦਾ, ਹੈ ਸੀ ਕਿਸੇ ਟਿਕਾਇਆ।

ਪਾਣੀ ਹੈ ਸੀ ਬਹੁਤ ਹੀ ਥੋੜ੍ਹਾ, ਉਹ ਵੀ ਜੱਗ ਦੇ ਥੱਲੇ।
ਚੁੰਝ ਨਾ ਉਪੜੇ ਪਾਣੀ ਤਾਈਂ, ਪੇਸ਼ ਨਾ ਕੋਈ ਚੱਲੇ।

ਹਿੰਮਤ ਵਾਲਾ ਕਾਗ ਬੜਾ ਸੀ, ਜਿਗਰਾ ਉਸ ਨਾ ਛੱਡਿਆ।
ਹੌਲੀ ਹੌਲੀ ਸੋਚ ਸੋਚ ਕੇ, ਰਾਹ ਓਸ ਨੇ ਕੱਢਿਆ।

ਨੇੜੇ ਹੀ ਉਸ ਕੰਕਰ ਦੇਖੇ, ਕੰਕਰ ਬੜੇ ਸੁਨੱਖੇ।
ਜੱਗ ਦੇ ਅੰਦਰ ਸੁੱਟਣ ਦੇ ਲਈ, ਇਕ ਇਕ ਕਰਕੇ ਚੁੱਕੇ।

ਪਾਣੀ ਉਪਰ ਨੂੰ ਚੜ੍ਹ ਆਇਆ, ਐਸੀ ਜੁਗਤ ਚਲਾਈ।
ਯਤਨਸ਼ੀਲ ਉਸ ਕਾਂ ਨੇ ਇੱਦਾਂ, ਆਪਣੀ ਪਿਆਸ ਬੁਝਾਈ।

ਆਪਣੀ ਚਾਹ ਦੀ ਖ਼ਾਤਰ 'ਪੰਛੀ', ਕਰਦੇ ਯਤਨ ਜੋ ਰਹਿੰਦੇ।
ਆਪਣਾ ਰਾਹ ਸੰਵਾਰਨ ਆਪੇ, ਦਿਨ ਨਾ ਛੱਡ ਕੇ ਬਹਿੰਦੇ।

o



Sri Satguru Jagjit Singh Ji eLibrary NamdhariElibrary@gmail.com

## ਅੰਗੂਰ ਖੱਟੇ ਹਨ

ਇਕ ਵਾਰੀ ਇਕ ਭੁੱਖਾ ਲੂੰਬੜ, ਫਿਰਦਾ ਰਿਹਾ ਚੁਫੇਰੇ ।
ਭੁੱਖਿਆਂ ਚਿੱਤ ਸ਼ਾਂਤ ਨਾ ਹੋਵੇ, ਫਿਕਰਾਂ ਘੱਤੇ ਘੇਰੇ ।

ਐਪਰ ਉਸ ਨੇ ਹਿੰਮਤ ਕੀਤੀ, ਗਿਆ ਬਾਗ਼ ਵਿੱਚ ਨੇੜੇ ।
ਜਿੱਥੇ ਵੇਲ ਅੰਗੂਰਾਂ ਲੱਦੀ, ਟੱਪ ਟੱਪ ਕੱਢਦਾ ਗੇੜੇ ।

ਮੂੰਹ ਚੁੱਕ ਜਦ ਉਸ ਉਪਰ ਤੱਕਿਆ, ਗੁੱਛੇ ਬੜੇ ਉਚੇਰੇ ।
ਮੂੰਹ ਵਿੱਚ ਉਸ ਦੇ ਪਾਣੀ ਭਰਿਆ, ਕਿਵੇਂ ਕਰੇਂਦਾ ਜੇਰੇ ?

ਕਈ ਵਾਰ ਉਸ ਬੁੜਕ ਬੁੜਕ ਕੇ, ਕੀਤੇ ਯਤਨ ਬਥੇਰੇ ।
ਭੁੱਖਾਂ ਨਾਲ ਸਤਾਇਆ ਹੋਇਆ, ਗ਼ਮ ਦੇ ਹੰਝੂ ਕੇਰੇ ।

ਆਖ਼ਰ ਨੂੰ ਉਹ ਕਹਿ ਕੇ ਟੁਰਿਆ, "ਹੈਨ ਅੰਗੂਰ ਖਟੇਰੇ ।"
"ਕਿਤੇ ਬਿਮਾਰੀ ਲੱਗ ਨਾ ਜਾਵੇ, ਜਾਂ ਕੋਈ ਦੁਖੜਾ ਘੇਰੇ" ।

'ਖੱਟੇ ਹੋਣ ਅੰਗੂਰ' ਜਦੋਂ ਵੀ ਬਾਹਰ ਪਹੁੰਚ ਗੱਲ ਹੋਵੇ ।
ਪਹੁੰਚੋਂ ਬਾਹਰ ਕਦੇ ਵੀ 'ਪੰਛੀ', ਐਵੇਂ ਜ਼ੋਰ ਨਾ ਖੋਵੇ ।

o



Sri Satguru Jagjit Singh Ji eLibrary NamdhariElibrary@gmail.com

# ਮਿਲਵਰਤਨ

ਮੇਰੀ ਅੰਮੀ ਆਖਣ ਲੱਗੀ, ਸੁਣ ਓ ਬੇਟੇ ਮੇਰੇ।
ਜੇ ਤੂੰ ਮੇਰੀ ਗੱਲ ਮੰਨ ਲੇਂ, ਲਾਡ ਲਡਾਵਾਂ ਤੇਰੇ।

ਇਕ ਵਾਰੀ ਇਕ ਚੁਸਤ ਸ਼ਿਕਾਰੀ, ਜਾਲ ਲਗਾਏ ਜਾ ਕੇ।
ਤਾਂ ਜੋ ਬੀਬੇ ਭੋਲੇ ਪੰਛੀ, ਫਸ ਜਾਵਣ ਵਿੱਚ ਆ ਕੇ।

ਜਾਲ ਦੇ ਹੇਠਾਂ ਦਾਣੇ ਸੁੱਟੇ, ਧੋਖਾ ਸੀ ਇਕ ਭਾਰੀ।
ਕੁਝ ਲਾਲਚ, ਕੁਝ ਚੋਗੇ ਖ਼ਾਤਰ, ਮਰਦੀ ਦੁਨੀਆਂ ਸਾਰੀ।

ਪੇਟ ਦੀ ਖਾਤਰ ਬੰਦਾ ਭਾਵੇਂ, ਫਸਦਾ ਬੜਾ ਅਨੋਖਾ।
ਸਾਰੀ ਉਮਰ ਲੱਟਕਦਾ ਰਹਿੰਦਾ, ਕਦੀ ਨਾ ਹੁੰਦਾ ਸੌਖਾ।

ਅਰਸ਼ਾਂ ਦੇ ਵਿੱਚ ਜੁੜੇ ਪੰਖੇਰੂ, ਖੇਲਣ ਦੇ ਲਈ ਪੁਗਦੇ।
ਪਰ ਧਰਤੀ 'ਤੇ ਆ ਕੇ ਵੇਖੋ, ਫਸ ਗਏ ਚੋਗਾ ਚੁਗਦੇ।

ਉਹ ਪੰਛੀ ਸਨ ਬਣੇ ਸਿਆਣੇ, ਇਕ ਦੂਜੇ ਦੇ ਆੜੀ।
ਰਲ ਮਿਲ ਸਾਰੇ ਦਰਦ ਵੰਡਾਂਦੇ, ਗੱਲ ਨਾ ਕਰਦੇ ਮਾੜੀ।

ਹਿੰਮਤ ਕਰ ਕੇ, ਸਾਰਿਆਂ ਰਲ ਕੇ, ਮਾਰੀਂ ਇਕ ਉਡਾਰੀ।
ਜਾਲ ਸਣੇ ਅਰਸ਼ਾਂ ਵਿੱਚ ਉੱਡ ਗਏ, ਖ਼ੂਬ ਪੁਗਾਈ ਯਾਰੀ।

ਬਿੱਟ ਬਿੱਟ ਤੱਕੇ ਖੜਾ ਸ਼ਿਕਾਰੀ, ਪੇਸ਼ ਕੋਈ ਨਾ ਜਾਵੇ।
ਪੰਛੀ ਗਏ ਜਾਲ ਵੀ ਨਾਲੇ, ਰਹਿ ਰਹਿ ਕੇ ਕੁਰਲਾਵੇ।



Sri Satguru Jagjit Singh Ji eLibrary NamdhariElibrary@gmail.com

ਸਣੇ ਜਾਲ ਦੇ ਸਭ ਕਬੂਤਰ, ਇਕ ਜੰਗਲ ਜਾ ਪੁੱਜਦੇ ।
ਮਿਲਵਰਤਨ ਤੇ ਹਿੰਮਤ ਉੱਤੇ, ਮਨ ਹੀ ਮਨ ਵਿੱਚ ਹੁੱਬਦੇ ।

ਇਕ ਉਹਨਾਂ ਦਾ ਮਿੱਤਰ ਚੂਹਾ, ਕੋਲ ਆਇ ਮੁਸਕਾਵੇ ।
ਨਾਲੇ ਤਿੱਖੀਆਂ ਦੰਦੀਆਂ ਦੇ ਸੰਗ, ਤੰਦੀਆਂ ਕੁਤਰੀ ਜਾਵੇ ।

ਇਸ ਤਰ੍ਹਾਂ ਹੀ ਸਾਰੇ ਪੰਛੀ, ਕੱਟ ਗਏ ਜਾਲ ਗ਼ੁਲਾਮੀ ।
ਸੁਤੰਤਰ ਹੋ ਜੀਵਣ ਲੱਗੇ, ਰਹੀ ਨਾ ਕੋਈ ਹੈਰਾਨੀ ।

ਮਿਲਵਰਤਨ ਵਿੱਚ ਚੰਗੇ ਬੇਟੇ, ਜ਼ਿੰਦਗੀ ਸੋਹਣੀ ਜਾਪੇ ।
ਦੁਨੀਆਂ ਦੀ ਹਰ ਮਾਰੂ ਮੁਸ਼ਕਿਲ, ਹੱਲ ਹੋ ਜਾਏ ਆਪੇ ।

ਅੱਛਾ ਕਹਿ ਕੇ ਮੰਨ ਲਈ ਮੈਂ, ਅੰਮੀ ਦੀ ਗੱਲ ਸਾਰੀ ।
ਚੰਗੀ ਗੱਲ ਸੁਨਾਵਣ ਵਾਲੀ, ਲੱਗਦੀ ਅੰਮੀ ਪਿਆਰੀ ।

o



Sri Satguru Jagjit Singh Ji eLibrary NamdhariElibrary@gmail.com

## ਪਾਪਾ ਬਾਤ ਸੁਣਾਵੇ

ਇਕ ਦਿਨ ਮੇਰੇ ਪਾਪਾ ਜੀ ਨੇ, ਮੈਨੂੰ ਬਾਤ ਸੁਣਾਈ।
ਆਖਣ ਲੱਗੇ, ਸੁਣ ਓ ਬੀਬਾ, ਝੂਠ ਨਾ ਇਸ ਵਿੱਚ ਰਾਈ।

ਇਕ ਵਾਰੀ ਇਕ ਜੰਗਲ ਦੇ ਵਿੱਚ, ਇਕ ਚੀਤਾ ਸੀ ਤਕੜਾ।
ਕੁਦਰਤ ਨੇ ਇਕ ਭੇਜ ਸ਼ਿਕਾਰੀ, ਬੰਨ੍ਹਿਆ ਉਸ 'ਤੇ ਰਗੜਾ।

ਕਿਸੇ ਢੰਗ ਨਾਲ ਉਸ ਚੀਤੇ ਨੂੰ, ਵਿੱਚ ਪਿੰਜਰੇ ਬੰਦ ਕੀਤਾ।
ਜੰਦਰਾ ਮਾਰ ਕੇ ਟੁਰ ਗਿਆ ਓਥੋਂ, ਧਾਹਾਂ ਮਾਰੇ ਚੀਤਾ।

ਭੁੱਖਣ-ਭਾਣੇ ਇਸ ਤਰ੍ਹਾਂ ਹੀ, ਕਈ ਰੋਜ਼ ਸਨ ਬੀਤੇ।
ਖਵਰੇ ਉਸ ਦੇ ਕਿਹੜੇ ਜੁੱਗ ਦੇ, ਪੇਸ਼ ਆਏ ਕੰਮ ਕੀਤੇ।

ਇਸ ਤਰ੍ਹਾਂ ਹੀ ਸੋਚ ਸੋਚ ਕੇ, ਬਹਿ ਗਿਆ ਢਾਹ ਕੇ ਢੇਰੀ।
ਹਾਏ ਰੱਬਾ ! ਹੁਣ ਕਿੱਧਰ ਜਾਵਾਂ, ਪੇਸ਼ ਨਾ ਜਾਵੇ ਮੇਰੀ।

ਐਨੇ ਚਿਰ ਵਿੱਚ ਰੱਬ ਸਬੱਬੀਂ, ਇਕ ਪੰਡਤ ਜੀ ਆਏ।
ਚੀਤੇ ਹੋਰਾਂ ਵੇਖ ਓਸ ਨੂੰ, ਲੱਖ ਲੱਖ ਸ਼ੁਕਰ ਮਨਾਏ।

ਗਲ ਵਿੱਚ ਪੱਲ਼ਾ ਪਾ ਕੇ ਚੀਤਾ ਨਿਮਰਤਾ ਨਾਲ ਖੜਦਾ।
ਧਾਹਾਂ ਮਾਰੇ, ਰੱਖ ਲੈ ਮੈਨੂੰ, ਖ਼ੂਬ ਡੰਡੌਤਾਂ ਕਰਦਾ।

ਕਰ ਕੇ ਸਿਫ਼ਤਾਂ ਪੰਡਤ ਜੀ ਨੂੰ, ਪੂਰੀ ਫੂਕ ਛਕਾਈ।
'ਪਿੰਜਰੇ ਵਿੱਚੋਂ ਬਾਹਰ ਕੱਢ ਲੈਂ; ਇਹ ਵੀ ਆਖ ਸੁਣਾਈਂ।'



Sri Satguru Jagjit Singh Ji eLibrary NamdhariElibrary@gmail.com

'ਅੱਜ ਤੋਂ ਤੇਰਾ ਸੇਵਕ ਹੋਵਾਂ, ਗਲ ਵਿੱਚ ਪੱਲਾ ਪਾਵਾਂ।
ਪੱਖਾ ਫੇਰਾਂ, ਪਾਣੀ ਢੋਵਾਂ, ਜੋ ਦੇਵੇਂ ਸੋ ਖਾਵਾਂ।

ਸਾਊ ਪੰਡਤ ਦੱਇਆਵਾਨ ਸੀ, ਦੱਇਆ ਓਸ ਨੂੰ ਆਈ।
ਪਿੰਜਰੇ ਵਿੱਚੋਂ ਕੱਢ ਓਸ ਨੂੰ, ਕੀਤੀ ਬੜੀ ਭਲਾਈ।

ਕਈ ਦਿਨਾਂ ਦਾ ਭੁੱਖਾ ਚੀਤਾ, ਪੰਡਤ ਵੱਲ ਨੂੰ ਧਾਇਆ।
ਪੇਟ ਦੀ ਪੂਜਾ ਕਰਨ ਵਾਸਤੇ, ਪੰਜਾ ਖ਼ੂਬ ਚਲਾਇਆ।

ਪੰਡਤ ਆਖੇ, ਸੁਣ ਓ ਚੀਤੇ, 'ਹੁਣ ਕਿਉਂ ਵਾਹਦਿਉਂ ਫਿਰਦਾ ?
ਮਿੱਤਰਤਾ ਦੀ ਪੌੜੀ ਚੜ੍ਹ ਕੇ, ਕਿਉਂ ਤੂੰ ਉਸ ਤੋਂ ਗਿਰਦਾ ?'

'ਕੌਣ ਮਿੱਤਰ, ਤੇ ਕੌਣ ਤੂੰ ਬਾਹਮਣ, ਮੈਂ ਨਾ ਤੈਨੂੰ ਜਾਣਾ।
ਮੇਰੀ ਭੁੱਖਿਆਂ ਜਾਨ ਨਿਕਲਦੀ, ਮੈਂ ਹੁਣ ਤੈਨੂੰ ਖਾਣਾ।'

'ਮਿੰਟ ਕੁ ਹੋਇਆ, ਮਿੰਨਤਾਂ ਕਰਕੇ, ਭੀਖ਼ ਆਜ਼ਾਦੀ ਮੰਗੀ।
ਹੁਣ ਤੂੰ ਮੈਨੂੰ ਖਾਣ ਨੂੰ ਫਿਰਦੈਂ, ਇਹ ਨਹੀਉਂ ਗੱਲ ਚੰਗੀ।'

'ਕੜੇ ਕਨੂੰਨਾਂ ਮੈਂ ਨਾ ਜਾਣਾ, ਨਾ ਕੋਈ ਚੰਗੀ ਮਾੜੀ।
ਤੇਰੇ ਵਰਗੇ ਮੂਰਖ ਤਾਈਂ, ਪੁੱਛਦੈ ਕੌਣ ਉਜਾੜੀਂ।'

ਵਿਚ ਸ਼ਕੰਜੇ ਆਇਆ ਪੰਡਤ, ਜਾਵੇ ਜਾਨ ਅਜਾਈਂ।
ਤਿੰਨ ਬੰਦਿਆਂ ਨੂੰ ਪੁੱਛ ਕੇ, ਕਹਿੰਦਾ, ਫਿਰ ਤੂੰ ਮੈਨੂੰ ਖਾਈਂ।

ਸਭ ਤੋਂ ਪਹਿਲਾਂ ਉਹਨਾਂ ਤਾਈਂ, ਸੀ ਪਿੱਪਲ ਜੋ ਮਿਲਿਆ।
ਸੁਣ ਕੇ ਵਿੱਥਿਆ ਉਨ੍ਹਾਂ ਵਾਲੀ, ਸੀਸ ਉਸ ਦਾ ਹਿੱਲਿਆ।

''ਜੀ ਪੰਡਤ ਜੀ, ਹੋਸ਼ ਕਰੋ, ਇੱਥੇ ਕੌਣ ਧਰਮ ਨੂੰ ਜਾਣੇ।
ਬਹੁਤੇ ਲੋਕੀ ਲੁੱਟਦੇ ਫਿਰਦੇ, ਪਾ ਕੇ ਬੀਬੇ ਬਾਣੇ।



Sri Satguru Jagjit Singh Ji eLibrary NamdhariElibrary@gmail.com

ਮੇਰੇ ਵੱਲ ਹੀ ਤੱਕ ਲਵੈ, ਮੈਂ ਛਾਵਾਂ ਦੇਵਣ ਵਾਲਾ।
ਛਾਂਗ ਛਾਂਗ ਕੇ ਖੋਪਰ ਮੇਰਾ, ਕਰਦੇ ਮੇਰਾ ਗਾਲਾ।

ਇਸ ਵਾਸਤੇ, ਸੁਣੋ ਦੇਵਤਾ, "ਜੇ ਇਹ ਖਾਵੇ ਤੈਨੂੰ।
ਨਾਲ ਖੁਸ਼ੀ ਦੇ ਕਹਿ ਸਕਦਾ ਹਾਂ, ਗ਼ਿਲਾ ਨਾ ਕੋਈ ਮੈਨੂੰ।"

ਉਸ ਤੋਂ ਪਿਛੋਂ ਦੋਵੇਂ ਜਾਣੇ, ਮੱਝ ਕੋਲ ਜਾ ਪੁੱਜੇ।
ਨਿੰਮੋਝੂਣੇ ਪੰਡਤ ਜੀ ਨੇ, ਭੇਦ ਕਹੇ ਸਭ ਗੁੱਝੇ।

ਮੱਝ ਰਾਣੀ ਵੀ ਵਿੱਥਿਆ ਸੁਣ ਕੇ, ਥੋਹੜੀ ਜਿਹੀ ਮੁਸਕਾਈ।
"ਇਸ ਜੁੱਗ 'ਚੋਂ ਇਨਸਾਫ ਭਾਲਦੈਂ, ਸੁਣ ਓ ਪੰਡਤ ਭਾਈ!

ਜਿੰਨਾ ਚਿਰ ਮੈਂ ਦੁੱਧ ਹਾਂ ਦੇਂਦੀ, ਵੰਡ ਵੜੇਵੇਂ ਪਾਂਦੇ।
ਜਦ ਮੈਂ ਤੋਕੜ ਹੋ ਜਾਂਦੀ ਹਾਂ, ਡੰਡਾ ਮਾਰ ਕੇ ਟਾਂਹਦੇ।

ਜ਼ਾਲਮ ਇਹ ਸੰਸਾਰ ਵੇ ਵੀਰਾ, ਕੌਣ ਦੁਖੀ ਦੀ ਸੁਣਦਾ।
ਮਜ਼ਲੂਮਾਂ ਨੂੰ ਫਾਹਣ ਖ਼ਾਤਰ, ਹਰ ਕੋਈ, ਫੰਦਾ ਉਣਦਾ।

ਜੇਕਰ ਚੀਤਾ ਖਾਵੇ ਤੈਨੂੰ, ਫਿਰ ਕੀ ਆਪਣਾ ਦਾਹਵਾ?
ਇਕ ਤਾਈਂ ਕੀ ਰੋਵੇਂ ਵੀਰਾ, ਊਤ ਗਿਆ ਹੈ ਆਵਾ।"

ਦੋ ਬੰਦਿਆਂ ਦੀਆਂ ਸੁਣ ਕੇ ਗੱਲਾਂ, ਜਾਨ ਕਾਕਸੇ ਆਈ।
ਮਨ ਹੀ ਮਨ ਵਿਚ ਸੁੱਖਾਂ ਸੁੱਖਦਾ, ਰੱਬ ਸੰਗ ਬਿਰਤੀ ਲਾਈ।

ਮਰਜ਼ੀ ਵੇਖੋ ਰੱਬ ਸੱਚੇ ਦੀ, ਇਕ ਗਿੱਦੜ ਆ ਜਾਂਦਾ।
ਵੇਖ ਦਰਿੰਦੇ ਚੀਤੇ ਤਾਈਂ, ਨੀਵੀਂ ਜਹੀ ਪਾ ਜਾਂਦਾ।

ਗਿੱਦੜ ਸਾਹਵੇਂ ਸੰਗਦੇ ਸੰਗਦੇ, ਪੰਡਤ ਗੱਲ ਦਲਾਈ।
ਗਿੱਦੜ ਮੱਚਲਾ ਹੋ ਕੇ ਕਹਿੰਦਾ, "ਸਮਝ ਨਾ ਪੈਂਦੀ ਕਾਈ।"



Sri Satguru Jagjit Singh Ji eLibrary NamdhariElibrary@gmail.com

ਵਿੰਗੀਆਂ ਟੇਡੀਆਂ ਮਾਰ ਕੇ ਗੱਲਾਂ, ਗਿੱਦੜ ਚਾਲ ਚਲਾਈ।
ਕਿਵੇਂ ਤੁਸੀਂ ਪਿੰਜਰੇ ਵਿਚ ਸੀਗੇ ? ਕਰ ਕੇ ਦੇਹ ਦਖਾਈ।''

''ਤੇਰੇ ਵਰਗਾ ਉੱਲੂ ਬਾਟਾ, ਜਗਤ ਵਿਚ ਨਹੀਂ ਹੋਣਾ।
ਪੰਡਤ ਜੀ ਨੇ ਸਭ ਕੁਝ ਤੈਨੂੰ, ਦੱਸਿਆ ਕੈਡਾ ਸੋਹਣਾ।''

ਅੱਲ ਬਲੱਲੀਆਂ ਮਾਰ ਕੇ, ਗਿੱਦੜ ਪੂਰਾ ਮਕਰ ਬਣਾਂਦਾ।
''ਮਾਫ਼ ਕਰੋ, ਚੀਤਾ ਜੀ, ਸਾਹਿਬ, ਇਹ ਸਿਰ ਚੱਕਰ ਖਾਂਦਾ।''

ਗੁੱਸਾ ਖਾ ਕੇ ਚੀਤਾ ਕਹਿੰਦਾ, ''ਆ ਤੈਨੂੰ ਸਮਝਾਵਾਂ।
ਮੈਂ ਤਾਂ ਤੈਨੂੰ ਦਾਨਾ ਸਮਝਾਂ, ਤੂੰ ਤਾਂ ਨਿਕਲਿਆ ਝਾਵਾਂ।''

ਸ਼ੇਖੀ ਖ਼ੋਰਾ ਚੀਤਾ ਵੇਖੋ, ਵਾਂਗ ਭਮੂਕੇ ਬਲਦਾ।
ਛਾਲ ਮਾਰ ਕੇ ਅੱਖ ਦੇ ਫੋਰੇ, ਵਿਚ ਪਿੰਜਰੇ ਜਾ ਵੜਦਾ।

ਥੋਹੜਾ ਜਿਹਾ ਮੁਸਕਾਇਆ ਗਿੱਦੜ, ਤੇ ਪਿੰਜਰਾ ਬੰਦ ਕੀਤਾ।
''ਇਹ ਕੀ ਕੀਤਾ ਗਿੱਦੜ ਮਾਮੇ ?'' ਬਿੱਟ ਬਿੱਟ ਤੱਕੇ ਚੀਤਾ।

ਗਿੱਦੜ ਕਹਿੰਦਾ, 'ਦੁਨੀਆਂ ਅੰਦਰ, ਜੋ ਵਾਹਦਿਉਂ ਫਿਰ ਜਾਂਦਾ।
ਤੇਰੇ ਵਾਂਗੂੰ ਜ਼ਾਲਮ ਚੀਤੇ, ਇਸ ਤਰ੍ਹਾਂ ਦੁੱਖ ਪਾਂਦਾ।'

ਇਸ ਲਈ ਤੁਸੀਂ ਬੀਬੇ ਬੱਚਿਉ, ਛਲ, ਕਪਟ ਛੱਡ ਦੇਵੋ।
ਝੂਠ, ਫ਼ਰੇਬ, ਤੇ ਦੰਗੇਬਾਜ਼ੀ, ਭਾਰਤ 'ਚੋਂ ਕੱਢ ਦੇਵੋ।

ਇਸ ਤਰ੍ਹਾਂ ਹੀ ਪਾਪੇ ਹੋਰੀਂ, ਬਾਤਾਂ ਖ਼ੂਬ ਸੁਣਾਂਦੇ।
ਪੱਪੂ, ਪਿੰਕੀ, ਬੇਬੀ, ਨਾਲੇ ਸਭ ਦਾ ਜੀਅ ਪਰਚਾਂਦੇ।

੦



Sri Satguru Jagjit Singh Ji eLibrary NamdhariElibrary@gmail.com

## ਗੀਤ
(ਮਹਾਂ ਰਿਸ਼ੀ ਟੈਗੋਰ ਦੇ ਨਾਂ)

ਤੂੰ ਭਾਰਤ ਦੀ ਸ਼ਾਨ ਟੈਗੋਰ !
ਤੇਰੇ ਵਰਗਾ ਕੋਈ ਨਾ ਹੋਰ !!
ਲਾਡੀਂ ਪਲਿਆ ਜੀਵਨ ਤੇਰਾ ।
ਫੁੱਲਾਂ 'ਚੋਂ ਤੂੰ ਲਭਿਆ ਖੇੜਾ ।
ਖੁੱਲ੍ਹਾਂ ਦਾ ਤੂੰ ਆਦੀ ਹੈਸੀ,
ਇਹ ਸੀ ਰੀਝ ਮਹਾਨ, ਟੈਗੋਰ ।...

ਖੇਤਾਂ ਦੇ ਰੰਗੀਨ ਨਜ਼ਾਰੇ ।
ਟਿਮ ਟਿਮ ਕਰਦੇ ਅਰਸ਼ੀਂ ਤਾਰੇ ।
ਸਰ ਸਰ ਕਰਦੀਆਂ 'ਵਾਵਾਂ ਵਿਚੋਂ,
ਤੱਕਿਆ ਨਵਾਂ ਜਹਾਨ, ਟੈਗੋਰ ।...

ਖ਼ੜੇ ਖ਼ਤਾਬਾਂ ਨੂੰ ਠੁਕਰਾਇਆ ।
ਮਾਨਵਤਾ ਦਾ ਰਾਹ ਦਿਖਾਇਆ ।
ਕਵਿਤਾ ਤੇਰੀ ਅਲਬੇਲੀ ਹੈ,
ਜਿਸ ਵਿਚ ਉੱਚ ਉਡਾਨ, ਟੈਗੋਰ ।...

ਰਸ ਭਿੰਨੇ ਸਾਜ਼ਾਂ ਨੂੰ ਛੋਹਿਆ ।
ਗੀਤਾਂ ਤੇਰਿਆਂ ਨੇ ਜੱਗ ਮੋਹਿਆ ।
ਜਿਸ ਨੂੰ ਸਾਰੇ ਜੱਗ ਨੇ ਸੁਣਿਆਂ,
ਤੂੰ ਸੈਂ ਮਿਠੜੀ ਤਾਨ, ਟੈਗੋਰ ।...

ਤੂੰ ਭਾਰਤ ਦੀ ਸ਼ਾਨ, ਟੈਗੋਰ !
ਤੇਰੇ ਵਰਗਾ ਕੋਈ ਨਾ ਹੋਰ !!
o



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ

ਕੋਮਲ ਫੁੱਲਾਂ ਵਰਗੇ, ਬੱਚੇ ਸਾਰੇ ਹਨ।
ਤਾਹੀਂ ਮੈਨੂੰ ਲੱਗਦੇ, ਬੜੇ ਪਿਆਰੇ ਹਨ।

ਦੇਸ਼ ਮਿਰੇ ਦੀ ਦੌਲਤ, ਕੱਲ ਦੇ ਮਾਲਕ ਨੇ,
ਆਪਣੀ ਭਾਰਤ ਮਾਂ ਦੀ, ਅੱਖ ਦੇ ਤਾਰੇ ਹਨ।

ਮਾਵਾਂ ਠੰਡੀਆਂ ਛਾਵਾਂ, ਜੇ ਕਰ ਹੁੰਦੀਆਂ ਨੇ,
ਬੱਚੇ ਪਿਆਰੀ ਮਾਂ ਦੇ, ਪਿਆਰ ਹੁੰਗਾਰੇ ਹਨ।

ਪਿਆਰ ਦੀ ਗੰਗਾ, ਇਹਨਾਂ ਅੰਦਰ ਵਹਿੰਦੀ ਹੈ,
ਇਹੋ ਸੀਮਾ ਇਸ ਦੀ, ਇਹੋ ਕਿਨਾਰੇ ਹਨ।

ਹਰ ਵਿਹੜੇ ਦੀ ਲਾਜੋ, ਇਹਨਾਂ ਨਾਲ ਸਜੇ,
ਇਹਨਾਂ ਨਾਲ ਹੀ ਸੋਂਹਦੇ, ਮਹਿਲ ਮੁਨਾਰੇ ਹਨ।

ਰੂਹ ਮੇਰੀ ਨੂੰ ਲੱਗਦੈ, ਜਿਉਂ ਭਗਵਾਨ ਮਿਲੇ,
ਝੂਲਿਆਂ ਉੱਤੇ ਲੈਂਦੇ, ਜਦੋਂ ਹੁਲਾਰੇ ਹਨ।

ਪੁੱਤਰ ਧੀਆਂ ਵਰਗੇ, ਧੀਆਂ ਪੁੱਤਰ ਹਨ,
ਰਾਜਿਆਂ ਨੂੰ, ਕੀ ਮਿਲਦੇ, ਕਿਤੋਂ ਉਧਾਰੇ ਹਨ ?

ਪਰਦੇਸਾਂ ਵਿਚ ਵਸਦੇ, ਲੋਭੀ ਮਾਪਿਓ ਵੇ,
ਤੁਸੀਂ ਕਿਉਂ ਆਪਣੇ ਬੱਚੇ, ਮਨੋ ਵਿਸਾਰੇ ਹਨ ?

ਇਹ ਵੀ ਕੌਮ ਦਾ ਧਨ, ਜੋ ਰੁਲਦੇ ਸੜਕਾਂ 'ਤੇ,
'ਪੰਛੀ' ਕਰੋ ਸੰਭਾਲ, ਜੋ ਕਰਮਾਂ ਮਾਰੇ ਹਨ।

o



Sri Satguru Jagjit Singh Ji eLibrary NamdhariElibrary@gmail.com

## ਗੀਤ

ਦੇਸ਼ ਮੇਰਾ ਅਮਨਾ ਦਾ ਖੇੜਾ,
ਭਾਰਤ ਜਿਸ ਦਾ ਨਾਉਂ ਕੁੜੇ !

ਨਦੀਆਂ ਨਾਚ, ਪਾ ਝਾਂਜਰ ਨੱਚਣ,
ਚਸ਼ਮੇ ਘੁੰਮਰਾਂ ਪਾਉਂਦੇ ।
ਜੰਗਲ ਬੇਲੇ ਬਾਗ਼ ਬਗ਼ੀਚੇ,
ਫੁੱਲੜੇ ਪਏ ਮੁਸਕਾਉਂਦੇ ।
'ਵਾਵਾਂ ਰਾਗ ਅਲਾਪਣ ਪਈਆਂ,
ਆਪਾਂ ਵੀ ਕੁਝ ਗਾਉਂ ਕੁੜੇ ।...

ਸੰਗਮਰਮਰੀ ਪੱਥਰਾਂ ਵਾਲਾ
ਤਾਜ ਵਧਾਉਂਦਾ ਸ਼ਾਨਾ ।
ਹਰਮੰਦਰ ਵਿਚ ਨੂਰ ਵਰਸਦਾ,
ਪੁੱਕਦਾ ਨਹੀਂ ਤਰਾਨਾ ।
ਗੋਕਲ ਵਾਸੀ ਮਥਰਾ ਵਾਲਾ,
ਉਸ ਦੀ ਧੁਨੀ ਸਣਾਉ ਕੁੜੇ ।...

ਸ਼ਿਵਾ ਅਤੇ ਪਰਤਾਪ ਦੇ ਜਜ਼ਬੇ,
ਗੋਬਿੰਦ ਸਿੰਘ ਦੀਆਂ ਵਾਰਾਂ ।
ਵਲੀ ਔਲੀਆਂ ਪਿਆਰ ਵੰਡਿਆ,
ਨਾਨਕ ਜਿਹੇ ਅਵਤਾਰਾਂ ।
ਅਮਰ ਸ਼ਹੀਦਾਂ ਦੀ ਬਸਤੀ ਦਾ,
ਆ ਕੇ ਦਰਸ਼ਨ ਪਾਉ ਕੁੜੇ । ..



Sri Satguru Jagjit Singh Ji eLibrary NamdhariElibrary@gmail.com

ਇਸ ਦੇਸ਼ ਦੀਆਂ ਨਿੱਘੀਆਂ ਰਮਜ਼ਾਂ,
ਪਿਆਰ ਦੀ ਬੋਲੀ ਬੋਲੀ ।
ਆਪ ਜੀਉ ਤੇ ਜਿਉਣ ਦਿਉ ਕਹਿ,
ਮਿੱਠੜੀ ਮਿਸ਼ਰੀ ਘੋਲੀ ।
ਖਿੰਡ ਖਿੰਡ ਜਾਵਣ ਮਹਿਕਾਂ ਇਸ ਦੀਆਂ,
ਡੱਲ੍ਹ ਡੁਲ੍ਹ ਪੈਂਦਾ ਚਾਉ ਕੁੜੇ ।...

ਸੋਜ਼ ਭਰੇ ਦਿਲ ਰੱਖਣ ਵਾਲੇ,
'ਪੰਛੀ' ਪੈਲਾਂ ਪਾਉਂਦੇ ।
ਆਪਣੀ ਚਰਬੀ ਢਾਲ ਢਾਲ ਕੇ,
ਅਮਨ ਦਾ ਦੀਪ ਜਗਾਉਂਦੇ ।
ਇਸ 'ਤੋਂ ਜ਼ਿੰਦਗੀ ਘੋਲ ਘੁਮਾਉ,
ਵਾਰੀ ਸਦਕੇ ਜਾਉ ਕੁੜੇ ।...
o



Sri Satguru Jagjit Singh Ji eLibrary NamdhariElibrary@gmail.com

## ਗੀਤ

ਆਓ ਹਿੰਦੀਓ ਰਲ ਮਿਲ ਕਰੀਏ,
ਦੇਸ਼ ਦੀ ਉੱਚੀ ਸ਼ਾਨ ।
ਤਾਂ ਜੋ ਹਰ ਇਕ ਮੁਸ਼ਕਿਲ ਸਾਡੀ,
ਬਣ ਜਾਏ ਸਰਲ, ਆਸਾਨ !!

ਦੇਸ਼ ਮੇਰੇ ਦੇ ਸਿਰਲੱਥ ਯੋਧੇ,
ਕਰ ਗਏ ਕਾਇਮ ਮਿਸਾਲਾਂ ।
ਕੁਰਬਾਨੀ ਹੋਈ ਪੂੰਜੀ ਸਾਡੀ,
ਨਾ ਕੁਝ ਕੋਝੀਆਂ ਚਾਲਾਂ ।
ਪਿਆਰ ਮੁਹੱਬਤ ਤੇ ਸਿਦਕਾਂ ਦਾ,
ਘੜੀਏ ਨਵਾਂ ਜਹਾਨ ।...

ਮੇਲ ਵਿਚੋਂ ਜ਼ਿੰਦਗੀ ਪਲਮੇਂਦੀ,
ਨਫ਼ਰਤ 'ਚੋਂ ਬਰਬਾਦੀ ।
ਰੱਖ ਸਕਦੀ ਹੈ ਕੌਮ ਸਮੁੱਚੀ,
ਦੇਸ਼ ਦੀ ਕਾਇਮ ਆਜ਼ਾਦੀ ।
ਪ੍ਰਫੁਲਤ ਹੋਈ ਜ਼ਿੰਦਗੀ ਨੱਚੇ,
ਰਹੇ ਨਾ ਕੋਈ ਹੈਰਾਨ ।...

ਹਰ ਇਕ ਲੋੜ ਮਨੁੱਖ ਦੀ ਇੱਥੇ,
ਪੂਰੀ ਹੋ ਹੋ ਜਾਵੇ ।
ਵਾਰਨ ਲਈ ਜਿੰਦ ਦੇਸ਼ ਦੀ ਖ਼ਾਤਰ,



Sri Satguru Jagjit Singh Ji eLibrary NamdhariElibrary@gmail.com

ਹਰ ਇਕ ਮਨ ਉਛਲਾਵੇ ।
ਬੰਦੇ ਦੀ ਹਰ ਹਸਰਤ ਆਖੇ,
ਇਕ ਸਾਡਾ ਭਗਵਾਨ ।...

ਰੀਝ ਕੰਵਾਰੀ, ਜਜ਼ਬੇ ਨਿਰਛਲ,
ਪੂਰਨ ਆਪਣੀਆਂ ਆਸਾਂ ।
ਰਾਤਾਂ ਇਥੋਂ ਖ਼ਤਮ ਹੋਣ ਤੇ,
ਪਲਮ ਆਉਣ ਪ੍ਰਭਾਤਾਂ ।
'ਪੰਛੀ' ਗੱਲ ਬਹਾਰ ਦੀ ਕਰੀਏ,
ਬਣ ਕੇ ਇਕ ਇਨਸਾਨ ।...

ਆਓ ਹਿੰਦੀਓ ਰਲਮਿਲ ਕਰੀਏ,
ਦੇਸ਼ ਦੀ ਉੱਚੀ ਸ਼ਾਨ !
ਤਾਂ ਜੋ ਹਰ ਇਕ ਮੁਸ਼ਕਿਲ ਸਾਡੀ,
ਬਣ ਜਾਏ ਸਰਲ, ਆਸਾਨ !!
o



Sri Satguru Jagjit Singh Ji eLibrary NamdhariElibrary@gmail.com

## ਭਾਰਤ ਪਿਆਰਾ
(ਗੀਤ)

ਇਹ ਮੇਰਾ ਹੈ ਭਾਰਤ ਪਿਆਰਾ !
ਇਹ ਮੇਰਾ ਹੈ ਭਾਰਤ ਪਿਆਰਾ !!

ਨੰਦ ਕੇ ਲਾਲੇ ਕ੍ਰਿਸ਼ਨ ਮੁਰਾਰੀ,
ਬੰਸੀ ਮਧੁਰ ਸੁਣਾਈ ।
ਸੀਤਾ ਰਾਮ ਦੀ ਪਿਆਰੀ ਲੀਲਾ,
ਸਭ ਦੇ ਮਨ ਨੂੰ ਭਾਈ ।
ਗੁਰੂ ਨਾਨਕ ਦੀ ਅਰਸ਼ੀ ਬਾਣੀ,
ਨਾਮ ਖ਼ਜ਼ਾਨਾ ਮੁਕਤ ਦੁਆਰਾ ।...

ਰਿਸ਼ੀ ਮੁਨੀ ਤੇ ਭਗਤ ਕਬੀਰਾ,
ਜੀਵਨ ਪੰਧ ਦਿਖਾ ਗਏ ।
ਨਾਮ ਜਪਣ ਤੇ ਵੰਡ ਛਕਣ ਦੀਂ,
ਰੀਤ ਗੁਰੂ ਸਮਝਾ ਗਏ ।
ਵੇਦ ਅਗੰਮੀ ਭਾਰਤ ਮਾਂ ਦੇ,
ਬ੍ਰਹਮ ਰੂਪ ਵੱਲ ਕਰਨ ਇਸ਼ਾਰਾ ।...

ਸੂਰਮਿਆਂ ਵਿਚ ਸਭ ਤੋਂ ਅੱਗੇ,
ਜਿਸ ਨੇ ਧਾਂਕਾਂ ਪਾਈਆਂ ।
ਧਰਮ ਕਰਨ ਤੋਂ ਟਲਿਆ ਨਾਹੀਂ,
ਲਾਇਆ ਜ਼ੋਰ ਕਸਾਈਆਂ ।



Sri Satguru Jagjit Singh Ji eLibrary NamdhariElibrary@gmail.com

ਰਾਣਾ ਸਾਂਗਾ ਤੇ ਸ਼ਿਵਾ ਅਸਾਡੇ,
ਸੂਰਮਿਆਂ ਵਿਚ ਗੋਬਿੰਦ ਨਿਆਰਾ ।...

ਦੇਸ਼ ਭਗਤ ਫੌਲਾਦੀ ਜਿਸ ਦੇ,
ਜ਼ਾਲਮ ਦਾ ਨੱਕ ਮੋੜਨ ।
ਦੇਸ਼ ਦੀ ਖ਼ਾਤਰ ਫ਼ਾਂਸੀ ਚੁੰਮ ਕੇ,
ਭਲਾ ਦੇਸ਼ ਦਾ ਲੋੜਨ ।
ਸ਼ਾਂਤ-ਮਈ ਨੇ ਰੋਲ ਵਿਖਾਇਆ,
ਸਾਮਰਾਜ ਦਾ ਬੋਲ ਕਰਾਰਾ ।...

ਭਾਰਤ ਦੇ ਚੌਗਿਰਦੇ ਅੰਦਰ,
ਨਵਾਂ ਨਗਰ ਵੱਸ ਜਾਵੇ ।
ਮਾਣੇ ਹਰ ਕੋਈ ਜੀਵਨ ਆਪਣਾ,
ਹਉਕਾ ਨਾ ਕੋਈ ਆਵੇ ।
ਮਧੁਰ ਮਧੁਰ ਕੋਈ ਬਾਤ ਸੁਣਾਵੇ,
'ਪੰਛੀ' ਜਿਸ ਦਾ ਭਰੇ ਹੁੰਗਾਰਾ ।...

ਇਹ ਮੇਰਾ ਹੈ ਭਾਰਤ ਪਿਆਰਾ !
ਇਹ ਮੇਰਾ ਹੈ ਭਾਰਤ ਪਿਆਰਾ !!
o



Sri Satguru Jagjit Singh Ji eLibrary NamdhariElibrary@gmail.com

## ਮੈਨੂੰ ਮੇਰਾ ਦੇਸ਼ ਪਿਆਰਾ

ਦੇਸ਼ ਮਿਰਾ ਹੈ ਮੈਨੂੰ ਪਿਆਰਾ ।
ਦੇਸ਼ ਮਿਰਾ ਸਾਰੇ ਦਾ ਸਾਰਾ ।

ਚਸ਼ਮੇ ਇਸ ਦੇ ਬਾਤਾਂ ਪਾਵਣ,
ਨਦੀਆਂ ਭਰਦੀਆਂ ਜਾਣ ਹੁੰਗਾਰਾ ।
ਪਰਬਤ ਇਸ ਦੇ ਬਾਂਹ ਉਲਾਰਨ,
ਸਾਗਰ ਜਦ ਵੀ ਕਰਨ ਇਸ਼ਾਰਾ ।

ਧਰਤੀ ਇਸ ਦੀ ਹੈ ਲਟਬੌਰੀ,
ਮਸਤ ਰਹੇ ਤੱਕਦੀ ਹਰ ਕਾਰਾ ।
ਇਸ ਦੇ ਖੇਤ ਝੂਮ ਕੇ ਨੱਚਣ,
ਮੱਕੀ, ਕਣਕ. ਕਪਾਹ ਤੇ ਚਾਰਾ ।
ਇਸ ਦੇ ਕਿਣਕੇ ਕਿਣਕੇ ਅੰਦਰ,
ਕੋਹਨੂਰ ਦਾ ਹੈ ਝਲਕਾਰਾ ।
ਧਰਤੀ ਅਤੇ ਆਕਾਸ਼ ਪਤਾਲੀਂ,
ਰੱਬੀ ਸ਼ਕਤੀ ਕਰੇ ਪਸਾਰਾ ।

ਇਸ ਦੀਆਂ ਕੁੜੀਆਂ ਲੱਟ ਲੱਟ ਮੱਚਣ,
ਮੱਚ ਮੱਚ ਬਣਦੀਆਂ ਜਾਣ ਨਜ਼ਾਰਾ ।
ਮੁੰਡੇ ਮੌਜੀ. ਮੌਜ ਦੇ ਮਾਲਕ,
ਕਰਦੇ ਰਹਿੰਦੇ ਬੋਲ ਬੁਲਾਰਾ ।



Sri Satguru Jagjit Singh Ji eLibrary NamdhariElibrary@gmail.com

ਵੈਰੀ ਦਾ ਮੂੰਹ ਭੰਨਣ ਖ਼ਾਤਰ,
ਫੌਜੀ ਕਰਦੇ ਵਾਰ ਕਰਾਰਾ ।
ਕਾਮੇ ਕਿਰਤੀ ਮਿਹਨਤਕਸ਼ ਜੋ,
ਕਰਦੇ ਵੇਖੋ ਕਿਵੇਂ ਗੁਜ਼ਾਰਾ !

ਹਰ ਇਕ ਬੰਦਾ ਜਾਨ ਇਸ ਦੀ
ਬੋਲ ਨਾ ਬੋਲੋ ਇਸ ਨੂੰ ਖ਼ਾਰਾ ।
ਮੇਰੇ ਮਨ 'ਤੇ ਬੋਲੀ ਇਸ ਦੀ,
ਕੂੰਜਾਂ ਵਾਂਗੂੰ ਕਰੇ ਉਤਾਰਾ ।

ਭਟਕਣ ਵਿਚ ਵੀ ਮਿੱਠਾ ਲੱਗੇ,
ਹਿਰਦਾ ਇਸ ਦਾ ਨਰਮ ਕੰਵਾਰਾ
ਇਸ ਦੀ ਸੱਜੀ, ਸੋਹਣੀ, ਲੈਲਾ,
ਕਦੇ ਨਾ ਮੰਗੇ ਇਸ਼ਕ ਉਧਾਰਾ ।

ਕੁੜੀਆਂ ਹਾਲੇ ਨੇ ਸ਼ਰਮਾਕਲ,
ਮੁੰਡੇ ਬੇਸ਼ੱਕ ਫਿਰਨ ਅਵਾਰਾ ।
ਰੂਹ ਲੈਲਾ ਦੀ ਸੁੰਨ ਹੋ ਗਈ,
ਮਜਨੂੰ ਪੱਥਰ ਖਾਏ ਵਿਚਾਰਾ ।

ਜਿਸ ਨੇ ਜੱਗ ਦੀ ਸੇਵਾ ਕੀਤੀ,
ਉੱਚਾ ਉਸ ਦਾ ਰਹੇ ਮੁਨਾਰਾ ।
ਸਿਦਕ ਸਬੂਰੀ ਰੱਖਣ ਵਾਲਾ,
ਜਾ ਬੈਠਾ ਬਣ ਅਰਸ਼ੀਂ ਤਾਰਾ ।

ਮਹਿਲਾਂ ਵਾਲਾ ਪੁੱਛ ਰਿਹਾ ਹੈ,
ਕਿੱਥੇ ਪਾਉਣਾ ਮਿੱਤਤਾ ਢਾਰਾ ?
'ਪੰਛੀ' ਮਿੱਠੇ ਬੋਲ ਵੀ ਕਹਿੰਦੇ,
ਮਾਰਨ ਭਾਵੇਂ ਨਾਗ ਫੁੰਕਾਰਾ ।
੦



Sri Satguru Jagjit Singh Ji eLibrary NamdhariElibrary@gmail.com

## ਵਿਦਿਆ ਦਾ ਦੀਪ
(ਗੀਤ)

ਦੀਵਾ ਬਲੇ ਅੰਧੇਰਾ ਜਾਏ ।
ਚਾਨਣ ਦਾ ਪਹਿਰਾ ਹੋ ਜਾਏ !

ਜਦ ਵੀ ਦੀਪਕ ਬਲ ਜਾਂਦਾ ਹੈ।
ਘਰ ਦਾ 'ਨੇਰਾ ਟਲ ਜਾਂਦਾ ਹੈ ।
ਹਰ ਇਕ ਕੋਣਾ ਰੌਸ਼ਨ ਹੋ ਕੇ,
ਨੂਰ ਨੂਰ ਹੋ ਜਾਏ ।...

ਚਾਨਣ ਦੇ ਵਿਚ ਸਭ ਕੁਝ ਲੱਭਦਾ ।
'ਨੇਰੇ ਦੇ ਵਿਚ ਕੁਝ ਨਾ ਫਬਦਾ :
ਵਿਦਿਆ ਦਾ ਝਲਕਾਰਾ ਐਸਾ,
'ਨੇਰਿਆਂ ਘੁੰਡ ਉਠਾਏ ।...

ਮੂਰਖਤਾ ਦੀ ਕਾਲਖ ਚਿੰਬੜੀ ।
ਭਰਮ ਭੁਲੇਖਿਆਂ ਸਾੜੀ ਜਿੰਦੜੀ ।
ਸਮਝ ਨਾਲ ਜਿੰਦ ਹੋਏ ਸੁਖਾਲੀ,
ਜੀਵਨ ਜਾਚ ਵੀ ਆਏ ।...

ਪਛੜਿਆ ਹੋਇਆ ਦੇਸ ਅਸਾਡਾ ।
ਖਸਤਾ ਹੋਇਆ ਵੇਸ ਅਸਾਡਾ।
ਜੇ ਕਰ ਸਾਰੇ ਹਿੰਮਤ ਕਰੀਏ,
ਸਭ ਕੁਝ ਹੀ ਮੁਸਕਾਏ । ..



Sri Satguru Jagjit Singh Ji eLibrary NamdhariElibrary@gmail.com

ਹੈ ਜਾਏ ਦੂਰ ਗਰੀਬੀ ਨਾਲੇ ।
ਫਿੱਸ ਜਾਵਣ ਪੈਰਾਂ ਦੇ ਛਾਲੇ ।
ਹਰ ਇਕ ਚਿਹਰਾ ਠਾਠਾਂ ਮਾਰੇ,
ਜਦ ਕੋਈ ਨਜ਼ਰ ਉਠਾਏ ।...

ਵੰਡ ਖਾਵਣ ਦੀ ਜਾਚ ਵੀ ਆਵੇ ।
ਨੀਵਿਆਂ ਨੂੰ ਬਾਂਹ ਪਕੜ ਉਠਾਵੇ ।
ਹਰ ਇਕ ਵਿਹੜਾ ਘੰਮ ਘੰਮ ਨੱਚੇ,
ਖੁਸ਼ਹਾਲੀ ਝਾਂਜਰ ਛਣਕਾਏ ।...

'ਪੰਛੀ' ਕਿਰਨਾਂ ਦਿਉ ਖੰਡਾਏ ।
ਧਰਤੀ ਦੀ ਕਾਲਖ ਲਹਿ ਜਾਏ ।
ਇਕ ਦੀਪ ਤੋਂ ਜਗਣ ਅਨੇਕਾਂ,
ਦੀਪ-ਮਾਲ ਲਹਿਰਾਏ । ..

ਦੀਵਾ ਬਲੇ ਅੰਧੇਰਾ ਜਾਏ !
ਚਾਨਣ ਦਾ ਪਹਿਰਾ ਹੋ ਜਾਏ !!

o



Sri Satguru Jagjit Singh Ji eLibrary NamdhariElibrary@gmail.com

## ਸ਼ਹੀਦਾਂ ਦਾ ਗੀਤ

ਸਦਾ ਜੱਗ ਵਿਚ ਰਹੇ, ਯਾਦ ਸ਼ਹੀਦਾਂ ਦੀ!
ਸਦਾ ਜੱਗ ਵਿਚ ਰਹੇ, ਯਾਦ ਸ਼ਹੀਦਾਂ ਦੀ!!

ਜਿਨ੍ਹਾਂ ਪਾਕ ਜ਼ਿੰਦਗਾਨੀ, ਦੇਸ਼ ਲਈ ਵਾਰੀ ਏ।
ਮੰਝ ਦੀਆਂ ਧਾਰਾਂ ਵਿਚੋਂ, ਹਿੰਦ ਨੱਈਆ ਤਾਰੀ ਏ।
ਕਿਵੇਂ ਭੁੱਲ ਜਾਏ ਯਾਦ, ਉਹਦੀਆਂ ਤਾਕੀਦਾਂ ਦੀ ?...

ਦੇਸ਼ ਲਈ ਸੀਸ ਵਾਰ, ਰਸਤਾ ਦਿਖਾ ਗੇ ਜੋ।
ਸ਼ਾਂਤੀ ਦੇ ਸੋਮੇ ਬਣ, ਠੰਢ ਵਰਤਾ ਗੇ ਜੋ।
ਨੀਂਹ ਕੋਈ ਧਰ ਗਏ, ਨਵੀਆਂ ਉਮੀਦਾਂ ਦੀ।...

ਮਹਿਲ ਤਾਂਈਂ ਛੱਡ ਜਿਨ੍ਹਾਂ, ਕੁੱਲੀ ਨੂੰ ਉਸਾਰਿਆ।
ਹਸਤੀ ਮਿਟਾ ਕੇ ਜਿਨ੍ਹਾਂ, ਜੀਵਨ ਸੰਵਾਰਿਆ।
ਕਿੱਡੀ ਉੱਚੀ ਘਾਲਣਾ ਹੈ, ਧੰਨਿਆਂ, ਫ਼ਰੀਦਾਂ ਦੀ।...

ਦੇਸ਼ ਲਈ, ਕੌਮ ਲਈ, ਜ਼ਿੰਦਗੀ ਨੂੰ ਵਾਰਨਾ।
ਅੜ ਜਾਣਾ, ਜ਼ੁਲਮ ਅੱਗੇ, ਡਿੱਗੇ ਨੂੰ ਉਭਾਰਨਾ।
ਗੂੰਜਦੀ ਆਕਾਸ਼ ਵਿਚ, ਰਾਗਣੀ ਮੁਰੀਦਾਂ ਦੀ।...

ਸਦਾ ਜੱਗ ਵਿਚ ਰਹੇ, ਯਾਦ ਸ਼ਹੀਦਾਂ ਦੀ!
'ਪੰਛੀ' ਜਗਾਵੇ ਸਾਨੂੰ, ਯਾਦ ਸ਼ਹੀਦਾਂ ਦੀ!!

o



Sri Satguru Jagjit Singh Ji eLibrary NamdhariElibrary@gmail.com

## ਸ਼ਹੀਦਾਂ ਦੇ ਨਾਂ
(ਗ਼ਜ਼ਲ)

ਭਾਰਤ ਲਈ ਹੋਏ ਸ਼ਹੀਦਾਂ ਦਾ।
ਉਪਕਾਰ ਸੁਣਾਇਆ ਜਾਂਦਾ ਹੈ।
ਉਹਨਾਂ ਦੀਆਂ ਧਾਕਾਂ ਪਾਈਆਂ ਦਾ,
ਸਤਿਕਾਰ ਵਧਾਇਆ ਜਾਂਦਾ ਹੈ।

ਮੈਂ ਭਾਵੇਂ ਮੜ੍ਹੀ ਮਸਾਣਾਂ ਨੂੰ,
ਪੂਜਣ ਦਾ ਹਰਗਿਜ਼ ਕਾਇਲ ਨਹੀਂ।
ਪਰ ਮੜ੍ਹੀ ਸ਼ਹੀਦਾਂ ਦੀ ਉੱਤੇ,
ਝੁਕ ਸੀਸ ਨਿਵਾਇਆ ਜਾਂਦਾ ਹੈ।

ਮੈਂ ਸਮਝਾਂ ਕੌਮ ਸ਼ਹੀਦਾਂ ਦੀ,
ਮੋਈ ਕੌਮ ਨੂੰ ਜ਼ਿੰਦਾ ਰੱਖਦੀ ਏ।
ਇਸੇ ਲਈ ਗੀਤ ਸ਼ਹੀਦਾਂ ਦਾ,
ਸ਼ਰਧਾ ਸੰਗ ਗਾਇਆ ਜਾਂਦਾ ਹੈ।

ਇਨ੍ਹਾਂ ਦੀ ਰਾਖ਼ ਵੀ ਸੋਨਾ ਹੈ,
ਹੱਡ ਕੋਹਨੂਰ ਤੋਂ ਮਹਿੰਗੇ ਨੇ।
ਹੀਰਿਆਂ ਦੇ ਪਰਉਪਕਾਰਾਂ ਦਾ,
ਨਹੀਂ ਕਰਜ਼ ਚੁਕਾਇਆ ਜਾਂਦਾ ਹੈ।

ਦਿਲ ਅੰਮ੍ਰਿਤ ਕੁੰਡ ਸ਼ਹੀਦਾਂ ਦਾ,
ਮੋਈ ਕੌਮ 'ਤੇ ਛਿੜਕਿਆ ਜਾਂਦਾ ਏ।



Sri Satguru Jagjit Singh Ji eLibrary NamdhariElibrary@gmail.com

ਫਾਂਸੀ ਦੇ ਮਸਤ ਦੀਵਾਨਿਆਂ ਨੂੰ,
ਇਕ ਬੂੰਦ ਪਿਆਇਆ ਜਾਂਦਾ ਹੈ।

ਕਿਸੇ ਪੁੱਛਿਆ ਵੀਰ ਸ਼ਹੀਦਾਂ ਤੋਂ,
ਕਿਉਂ ਤੋਪ ਨੂੰ ਜੱਫੀਆਂ ਪਾਂਦੇ ਹੋ ?
ਉਹ ਕਹਿੰਦੇ ਬੁਝੀਆਂ ਰੂਹਾਂ ਨੂੰ,
ਬੱਸ ਇਉਂ ਸੁਲਘਾਇਆ ਜਾਂਦਾ ਹੈ।

ਇਨ੍ਹਾਂ ਅਲਬੇਲਿਆਂ ਦੀ ਗਾਥਾ ਦਾ,
ਕੋਈ ਵਹਿਣ ਨਿਰੰਤਰ ਵਗਦਾ ਏ।
ਇਹ ਉਹ ਅਫ਼ਸਾਨਾ ਹੈ 'ਪੰਛੀ'
ਹਰ ਰੋਜ਼ ਦੁਹਰਾਇਆ ਜਾਂਦਾ ਹੈ।

o



Sri Satguru Jagjit Singh Ji eLibrary NamdhariElibrary@gmail.com

## ਅਮਨ ਦਾ ਗੀਤ

ਅਮਨ ਨੂੰ ਪੱਕਿਆਂ ਕਰਨ ਦੀ ਖ਼ਾਤਰ,
ਸਿਰ ਧਰ ਤਲੀ 'ਤੇ ਲੜਨਾ ਪੈਂਦਾ ।
ਮੌਕਾ ਤਾੜੂ ਨੂੰ ਕੀ ਕਹੀਏ ?...
ਇਸ਼ਕ ਨੂੰ ਸੂਲੀ ਚੜ੍ਹਨਾ ਪੈਂਦਾ ।

ਕਦ ਤੱਕ ਕੋਈ ਜ਼ੁਲਮ ਸਹਾਰੇ ?
ਕਦ ਤੱਕ ਕੋਈ ਧੱਕੇ-ਸ਼ਾਹੀਆਂ ?
ਲੋਕਾਂ ਦੀ ਪਤ ਰੱਖਣ ਖਾਤਰ,
ਸੂਰਮਿਆਂ ਨੂੰ ਮਰਨਾ ਪੈਂਦਾ ।...

ਸੱਚ ਹਮੇਸ਼ਾ ਸੱਚ ਰਿਹਾ ਹੈ ।
ਸੱਚ ਰਹੇਗਾ, ਸੱਚ ਕਹਿ ਰਿਹਾਂ ।
ਸੱਚ ਆਖ ਕੇ ਹਰ ਇਕ ਦੁਖੜਾ,
ਆਪਣੇ ਸਿਰ 'ਤੇ ਜਰਨਾ ਪੈਂਦਾ ।

ਬੰਦਾ ਰੱਬ ਨਹੀਂ ਹੈ ਯਾਰੋ,
ਇਸ ਦੀ ਸਮਝ ਦੀ ਹੱਦ ਹੈ ਕੋਈ ।
ਜਦ ਕੋਈ ਚਾਰਾ ਹੋਰ ਨਾ ਹੋਵੇ,
ਫਿਰ ਸ਼ਮਸ਼ੀਰ ਨੂੰ ਫੜਨਾ ਪੈਂਦਾ ।...

ਮੈਂ ਤਾਂ ਕਹਿਨਾ ਅਮਨ ਪੁਜਾਰੀ,
ਸੋਲਾਂ ਆਨੇ ਸੱਚ ਕਹਿ ਰਹੇ ।
ਅਮਨ ਨੂੰ ਪੱਕਿਆਂ ਕਰਨ ਦੀ ਖ਼ਾਤਰ,
ਸਿਰ ਧਰ ਤਲੀ 'ਤੇ, ਲੜਨਾ ਪੈਂਦਾ ।...

ਮੌਕਾ ਤਾੜੂ ਨੂੰ ਕੀ ਕਹੀਏ ?
ਇਸ਼ਕ ਨੂੰ ਸੂਲੀ ਚੜ੍ਹਨਾ ਪੈਂਦਾ ।



Sri Satguru Jagjit Singh Ji eLibrary NamdhariElibrary@gmail.com

## ਬਣੀਏਂ ਆਪ ਜੁਝਾਰ

(ਕਵਿਤਾ)

ਪਾਪੀ ਪਾਪ ਕਮਾਂਵਦੇ, ਆਖ਼ਰ ਜਾਂਦੇ ਹਾਰ।
ਸਮਾਂ ਸਜਾਈਂ ਦੇਂਵਦਾ, ਹੁੰਦੇ ਅੰਤ ਖ਼ੁਆਰ।

ਸਦਾ ਉਹ ਜਿਉਂਦੇ ਜੱਗ 'ਤੇ, ਜੀਵਨ ਜਾਂਦੇ ਵਾਰ।
ਜ਼ੁਲਮੀ, ਪਾਪੀ, ਮੂਜ਼ੀਆਂ, ਪੈਂਦੀ ਹੈ ਫਟਕਾਰ।

ਮਜ਼ਲੂਮਾਂ ਦੀ ਹੋਂਦ ਲਈ, ਚੁੱਕਦੇ ਜੋ ਤਲਵਾਰ।
ਇਕ ਵਾਰੀ ਤਾਂ ਸਮੇਂ ਦੀ, ਜਾਂਦੇ ਬਦਲ ਨੁਹਾਰ।

ਸਿਦਕੀ, ਸੋਹਣੇ, ਸੂਰਮੇ, ਕਰਦੇ ਰਹਿਣ ਪੁਕਾਰ।
"ਜਿਸ ਦੀ ਬਾਹੀਂ ਪਕੜੀਏ, ਉਸ ਨੂੰ ਲਾਈਏ ਪਾਰ।"

ਕਪਟੀ ਤੇ ਖ਼ੁਦਗਰਜ਼ ਹੀ, ਛੱਡ ਜਾਵਣ ਵਿਚਕਾਰ।
ਕਾਇਰ, ਬੁਜ਼ਦਿਲ, ਲਾਲਚੀ, ਡੁੱਬ ਜਾਂਦੇ ਮੰਝਧਾਰ।

ਮਿਹਨਤ ਦਾ ਜੋ ਫ਼ਲਸਫ਼ਾ, ਇਹੋ ਕਰੇ ਉਡਾਰ।
ਕੰਮ ਕਰਨ ਦੀ ਲਗਨ ਦਾ, ਹੁੰਦਾ ਹੈ ਸਤਿਕਾਰ।

ਵਿਹਲੜ ਬੰਦੇ ਕੰਮ ਤੋਂ, ਕਰਦੇ ਜੋ ਇਨਕਾਰ।
ਲੁੱਟ ਮਚਾਵਣ ਵਾਲੜੇ, ਸਾਨੂੰ ਨਹੀਂ ਸਵੀਕਾਰ।

ਦੁਨੀਆਂ ਵਿਚ ਅਮੀਰ ਹੀ, ਕਰਦੇ ਅਤਿਆਚਾਰ।
ਬਾਕੀ ਹੋਰ ਗ਼ਰੀਬ ਤਾਂ, ਰੋਟੀ ਲਈ ਲਾਚਾਰ।



Sri Satguru Jagjit Singh Ji eLibrary NamdhariElibrary@gmail.com

ਲਾਲਚ ਖ਼ਾਤਰ ਲਾਲਚੀ ਕਰਦੇ ਨੇ ਵਿਭਚਾਰ।
ਇਸ ਤਰ੍ਹਾਂ ਦੇ ਜੱਗ ਦਾ, ਕਰੀਏ ਕੀ ਸਰਕਾਰ ?

ਜ਼ੋਰਾਵਰ ਨੂੰ ਜ਼ੋਰ ਦਾ, ਹੁੰਦਾ ਹੈ ਹੰਕਾਰ।
ਹੁਸਨ ਜਵਾਨੀ ਬਾਂਵਰੀ, ਕਰਦੀ ਮਾਰੋ ਮਾਰ।

ਦੁਖੀਆਂ ਦਾ ਤਾਂ ਭਲਾ ਹੈ, ਬੰਨ੍ਹ ਕੇ ਚੱਲਣ ਡਾਰ।
ਮੰਜ਼ਿਲ ਤਾਂ ਹੀ ਮੁੱਕਦੀ, ਬਣੀਏਂ ਸ਼ਾਹ-ਸੁਵਾਰ।

ਰਾਜ ਤਾਂ ਸ਼ਕਤੀ ਨਾਲ ਹੈ, ਮਿਲਦਾ ਨਹੀਂ ਉਧਾਰ।
ਜੇ ਕਰ ਡੰਗ ਨਾ ਮਾਰੀਏ, ਛੱਡੀਏ ਨਾ ਫੁੰਕਾਰ।

ਜੇ ਕੋਈ ਐਵੇਂ ਘੂਰਦਾ, ਉਸ ਨੂੰ ਦਿਉ ਵੰਗਾਰ।
ਮਿਹਨਤ ਦਾ ਮੁੱਲ ਲੈਣ ਲਈ, ਸ਼ਕਤੀ ਭਰੋ ਭੰਡਾਰ।

ਜੇ ਕੋਈ ਆਪਣਾ ਮੀਤ ਹੈ, ਮਿਲੀਏ ਬਾਂਹ ਪਸਾਰ।
'ਪੰਛੀ' ਮੰਜ਼ਿਲ ਪਾਣ ਲਈ, ਬਣੀਏਂ ਆਪ ਜੁਝਾਰ।

੦



Sri Satguru Jagjit Singh Ji eLibrary NamdhariElibrary@gmail.com

ਗੀਤ

ਕੋਈ ਆ ਰਹੀ ਕਨਸੋਅ !
... ... ... !!

ਕੋਈ ਥਰ ਥਰ ਕੰਬੀ ਧਰਤ ਸੀ,
ਸੀ ਘੁੱਪ ਹਨੇਰ ਆਕਾਸ਼ ।
ਜਦ ਜਿਉਂਦੀ ਭਾਰਤ ਮਾਂ ਦੀ,
ਵੰਡ ਲਈ ਸੀ ਲਾਸ਼,
ਅੱਗ ਲਾ ਕੇ ਡੱਬੂ ਕੰਧ 'ਤੇ,
ਕੋਈ ਗਏ ਤਮਾਸ਼ਾ ਵੇਖ ।
ਹੋਈ ਭਾਰਤ ਮਾਂ ਨੂੰ ਮੂਰਛਾ
ਸੜ ਗਏ ਤੱਤੀ ਦੇ ਲੇਖ ।
ਉਦੋਂ ਗੀਦੀ ਬਣ ਕੇ ਰਹਿ ਗਿਆ,
ਜਿਸ ਦਿੱਤੀ ਜੱਗ ਨੂੰ ਲੋਅ ।
ਹੁਨ ਅਮਣ ਪੁਜਾਰੀ ਜਾਗ ਪਏ,
ਕੋਈ ਆ ਰਹੀ ਕਨਸੋਅ ।...

ਅੱਜ ਪੂਰਬ, ਪੱਛਮ ਟਾਕਰਾ
ਕੋਈ ਐਟਮ ਦੀ ਝਣਕਾਰ ।
ਪਰ ਅਮਨ ਦਾ ਰਾਖਾ ਏਸ਼ੀਆ,



Sri Satguru Jagjit Singh Ji eLibrary NamdhariElibrary@gmail.com

ਲੈ ਲੈਸੀ ਇਸ ਦੀ ਸਾਰ ।
ਬੱਸ ਜਿੱਤ ਹੈ ਵਿਚ ਪਿਆਰ ਦੇ,
ਅਸੀਂ ਕੀਤੀ ਕਾਇਮ ਮਿਸਾਲ ।
ਹੁਣ ਗੀਤ ਅਮਨ ਦੇ ਗਾ ਲਵੋ,
ਕੋਈ ਨਵਾਂ ਬਦਲ ਕੇ ਤਾਲ ।
ਅੱਜ ਵਾਰਸ ਸ਼ਾਹ ਦੀ ਲੋੜ ਕੀ,
ਕੋਈ ਨਾਨਕ ਵਰਗਾ ਹੋਅ ।
ਹੁਣ ਬੁਚਕੀ ਸਾਂਭ ਫਰੰਗੀਆ,
ਕੋਈ ਆ ਰਹੀ ਕਨਸੋਅ ।...

ਸਾਡੇ ਪੈਰੀਂ ਸਾਗਰ ਲੱਗਿਆ,
ਸਾਨੂੰ ਪਰਬਤ ਕਰਨ ਸਲਾਮ ।
ਸਾਡੀ ਧਰਤੀ ਮੋਤੀ-ਵੰਡਣੀ,
ਇਥੇ ਅੰਮ੍ਰਿਤ ਭਰਦੇ ਜਾਮ ।
ਅਸੀਂ ਸ਼ਾਂਤ-ਮਈ ਦੇ ਵੀਰ ਹਾਂ,
ਸਾਡੀ ਪੱਗ ਪਵਿੱਤਰ ਪਾਕ ।
ਕੋਈ ਆਖੇ ਸ਼ਾਇਰ ਮਲੂਕੜਾ,
ਸਾਡੀ ਗ਼ੈਰਤ ਵੱਲ ਨਾ ਝਾਕ ।



Sri Satguru Jagjit Singh Ji eLibrary NamdhariElibrary@gmail.com

ਸਾਡੇ ਆਸੇ ਪਾਸੇ ਸੂਰਮੇ,,
ਗਏ ਮੌਢਿਆਂ ਨਾਲ ਖਲੋਅ ।
ਰੱਖੀਂ ਕਦਮ ਸੰਭਲ ਕੇ ਪੱਛਮਾਂ,
ਕੋਈ ਆ ਰਹੀ ਕਨਸੋਅ ।...

ਜਦੋਂ ਸਰਘੀ ਵੇਲਾ ਜਾਗਿਆ,
ਵਿਚ ਤੱਕਿਆ 'ਭਗਤ' ਨਿਵਾਸ ।
ਤੇ 'ਲਾਜਪੱਤ' 'ਕਰਤਾਰ' ਵੀ,
ਨਾਲੇ ਵੀਰ 'ਸੁਭਾਸ਼' ।
ਜਿਹੜੇ ਮੱਚ ਗਏ ਵਾਂਗ ਪਤੰਗਿਆਂ,
ਕੋਈ ਉੱਘਾ ਕਰ ਗਏ ਨਾਂ ।
ਅੱਜ ਵੇਖਾਂ ਤਾਰੇ ਅਰਸ਼ ਦੇ,
ਕੋਈ ਵਸਿਆ ਨਵਾਂ ਗਰਾਂ ।
ਹੁਣ ਠੁਰ ਠੁਰ ਕਰਦੇ ਫਰਸ਼ ਨੂੰ,
ਨਿੱਘ ਦੇਹ ਅਰਸ਼ ਦੀ ਲੋਅ ।
ਹੁਣ ਭਾਰਤ ਜੰਨਤ ਬਣੇਗਾ,
ਕੋਈ ਆ ਰਹੀ ਕਨਸੋਅ ।...

o



Sri Satguru Jagjit Singh Ji eLibrary NamdhariElibrary@gmail.com

## ਕਵਿਤਾ

ਫ਼ਲ ਲੱਗਦੇ ਸਦਾ ਕੁਰਬਾਨੀਆਂ ਨੂੰ।

ਹੱਥ ਧਰ ਕੇ ਹੱਥਾਂ 'ਤੇ ਬੈਠ ਰਹਿਣਾ,
ਨਹੀਂ ਸ਼ੋਭਦਾ, ਕਦੇ ਜਵਾਨੀਆਂ ਨੂੰ।
ਹਸਤ ਰੇਖਾ 'ਤੇ ਜਿਹੜੇ ਵਿਸ਼ਵਾਸ਼ ਕਰਦੇ,
ਹਾਕਾਂ ਮਾਰਦੇ ਆਪ ਵੀਰਾਨੀਆਂ ਨੂੰ।
ਜਿਹੜੇ ਸਿਦਕ ਦੀ ਬੇੜੀ ਵਿਚ ਠਿੱਲਦੇ ਨੇ,
ਕਰਨ ਟਿੱਚਰਾਂ ਚੜ੍ਹੀ ਤੁਗਿਆਨੀਆਂ ਨੂੰ।
ਕਿਵੇਂ ਮੰਨ ਲਾਂ ਜ਼ੁਲਫ਼ ਹੈ ਰੋਕ ਸਕਦੀ,
ਸੋਹਣੇ, ਸੂਰਮੇ, ਕੌਮੀ ਲਾਸਾਨੀਆਂ ਨੂੰ।
ਜੇਹੜੀ ਗੱਲ 'ਤੇ ਜਿੰਦੜੀ ਮਚਲਦੀ ਨਹੀਂ,
ਠੱਪ ਦਿਉ ਨਿਰਜਿੰਦ ਕਹਾਣੀਆਂ ਨੂੰ।
ਆਓ ਵੇਖੀਏ ਦੇਸ਼ ਤੋਂ ਵਾਰ ਜਿੰਦੜੀ'
ਫ਼ਲ ਲੱਗਦੇ ਸਦਾ ਕੁਰਬਾਨੀਆਂ ਨੂੰ।

ਫਿਰਕੇਦਾਰੀਆਂ, ਧੇਟ -ਪ੍ਰਸਤੀਆਂ ਨੂੰ,



Sri Satguru Jagjit Singh Ji eLibrary NamdhariElibrary@gmail.com

ਖਤਮ ਕਰਨ ਲਈ ਸਾਰੇ ਜੇ ਤੁੱਲ ਜਾਈਏ ।
ਜਿੱਥੇ ਪਿਆਰ ਦੀ ਲੋੜ ਹੈ ਪਿਆਰ ਦੱਈਏ,
ਨਹੀਂ ਤਾਂ ਵਾਂਗ ਤੂਫਾਨ ਦੇ ਝੁੱਲ ਜਾਈਏ ।
ਤੰਗ-ਦਿਲੀ ਨੂੰ ਪੂੰਝ ਕੇ ਰੱਖ ਦੱਈਏ,
ਦਿਲੋਂ ਲਾ ਕੇ ਖੁੱਲ੍ਹਾਂ ਵਿੱਚ ਖੁੱਲ੍ਹ ਜਾਈਏ ।
ਹੋਏ ਦੇਸ਼ ਖੁਸ਼ਹਾਲ ਤਾਂ ਨੱਚ ਉੱਠੀਏ,
ਦੇਸ਼ ਰੁਲੇ ਤਾਂ ਨਾਲ ਹੀ ਰੁੱਲ ਜਾਈਏ ।
ਹੁਣ ਤਾਂ ਆਪਣੇ ਪੈਰਾਂ 'ਤੇ ਖੜ੍ਹਨ ਸਿੱਖੀਏ,
ਡਾਢਾ ਪਰਖਿਆ ਗੱਲਾਂ ਬੇਗਾਨੀਆਂ ਨੂੰ ।
ਦੇਸ਼ ਸੇਵਾ ਵਿੱਚ ਹੱਥਾਂ ਨੂੰ ਲੀਨ ਕਰੀਏ,
ਫ਼ਲ ਲੱਗਦੇ ਸਦਾ ਕੁਰਬਾਨੀਆਂ ਨੂੰ ।

ਅੱਜ ਦੇਸ਼ ਦੀ ਦੇਵੀ ਦਾ ਕੰਵਲ ਮੁਖੜਾ,
ਕੇਵਲ ਭੁੱਖ ਦੇ ਦੁੱਖੋਂ ਕੁਮਲਾਈ ਜਾਂਦੈ ।
ਕੋਈ ਗੱਭਰੂ ਝੰਡਾ ਬੁਲੰਦ ਕਰਕੇ,
ਨਾਹਰਾ ਅੰਨ ਦੀ ਘਾਟ ਦਾ ਲਾਈ ਜਾਂਦੈ ।


Sri Satguru Jagjit Singh Ji eLibrary NamdhariElibrary@gmail.com

"ਇਹ ਵੀ ਹੱਲ ਹੈ ਕੋਈ ਸਮੱਸਿਆ ਦਾ,"
ਹਾਕਮ ਸਮੇਂ ਦਾ ਧੁਰੋਂ ਫ਼ਰਮਾਈ ਜਾਂਦੈ।
ਇਕ ਪਾਸੇ ਤਾਂ ਭੁੱਖ ਦਾ ਸ਼ੇਰ ਧਾੜੇ,
ਦੂਜੇ ਪਾਸੇ ਕੋਈ ਕੋਠੇ ਭਰਵਾਈ ਜਾਂਦੈ।
ਮੇਰੀ ਕੌਮ ਦੇ ਲੋਕੋ ਵੰਗਾਰ ਦੱਸੋ,
ਕਿਵੇਂ ਸੁੱਟੀਏ ਪਰ੍ਹਾਂ ਵੀਰਾਨੀਆਂ ਨੂੰ ?
ਚਲੋ ਸੁੱਤੀਆਂ ਕਲਾਂ ਜਗਾ ਦੱਈਏ,
ਫ਼ਲ ਲੱਗਦੇ ਸਦਾ ਕੁਰਬਾਨੀਆਂ ਨੂੰ।

ਜਿਹੜਾ ਆਪਣੇ ਫਰਜ਼ ਨੂੰ ਭੁੱਲ ਜਾਂਦੈ,
ਉਹਦਾ ਕਦੀ ਨਹੀਂ ਸੱਚਾ ਸਤਿਕਾਰ ਹੁੰਦਾ।
ਕੋਈ ਟਾਲ ਮਟੋਲ ਦੀ ਗੱਲ ਕਰ ਜਾਏ,
ਪੂਰਾ ਗਾਲੜੀ, ਨਹੀਂ ਗ਼ਮਖ਼ਾਰ ਹੁੰਦਾ।
ਜਿੱਥੋਂ ਸੱਚ ਤੇ ਸਿਦਕ ਅਲੋਪ ਹੋ ਜਾਏ,
ਉਸ ਜਗਤ ਦਾ ਨਹੀਂ ਇਤਬਾਰ ਹੁੰਦਾ।
ਉੱਚੇ ਗੁਣਾਂ ਦੇ ਖੰਭਾਂ ਨੂੰ ਤੋਲ ਜਾਏ,



Sri Satguru Jagjit Singh Ji eLibrary NamdhariElibrary@gmail.com

ਉਹ ਅਰਸ਼ ਦਾ ਪੰਛੀ ਉਡਾਰ ਹੁੰਦਾ।
ਸਾਰੇ ਦੁੱਖਾਂ ਦੇ ਅੱਥਰੂ ਪੂੰਝ ਦੱਈਏ,
ਲੈ ਕੇ ਨਾਲ ਸਭ ਆਪਣੇ ਹਾਣੀਆਂ ਨੂੰ।
ਦਲੋ ਦੇਸ਼ ਦੀ ਸ਼ਮ੍ਹਾਂ 'ਤੇ ਮੱਚ ਜਾਈਏ,
ਫ਼ਲ ਲੱਗਦੇ ਸਦਾ ਕੁਰਬਾਨੀਆਂ ਨੂੰ।

ਹਰ ਆਸ ਦੀ ਕਿਰਨ ਦਾ ਰੂਪ ਨਿੱਖਰੇ,
ਮਾਰੋ ਹੰਬਲਾ ਨਵਾਂ ਸਮਾਜ ਘੜੀਏ।
ਕੌਮੀ ਪਿਆਰ ਦੀ ਆਤਮਾ ਘੁੱਗ ਵੱਸੇ,
ਕੋਈ ਸੋਚ ਕੇ ਨਵਾਂ ਰਿਵਾਜ ਘੜੀਏ।
ਅੱਜ ਦੇਸ਼ ਦੀ ਆਤਮਾ ਭਟਕ ਚੁੱਕੀ,
ਆਓ ਇਸ ਦਾ ਕੋਈ ਇਲਾਜ ਘੜੀਏ।
ਫ਼ਰਜ਼ ਹੁਕਮ ਤੋਂ ਵੱਧ ਕਬੂਲ ਹੋਵੇ,
ਕੌਮੀ ਅਣਖ ਵਿੱਚ ਰੱਤਾ ਇਕ ਰਾਜ ਘੜੀਏ।
ਅਰਪਣ ਜਿੰਦ ਜੇ ਹੋਏ ਮਨੁੱਖਤਾ ਦੀ,
ਲੋਕੀ ਪੂਜਦੇ ਉਹਦੀ ਨਿਸ਼ਾਨੀਆਂ ਨੂੰ।



Sri Satguru Jagjit Singh Ji eLibrary NamdhariElibrary@gmail.com

ਕੋਈ ਐਵੇਂ ਮਹਾਨ ਨਹੀਂ ਬਣ ਜਾਂਦਾ,
ਫ਼ਲ ਲੱਗਦੇ ਸਦਾ ਕੁਰਬਾਨੀਆਂ ਨੂੰ ।

ਇਹ ਮਾਣ ਦੀ ਗੱਲ ਹੈ ਸਾਰਿਆਂ ਲਈ,
ਮੇਰੀ ਕੌਮ ਦੇ ਕੌਮੀ ਅਰਮਾਨ ਜਾਗੇ ।
ਨਾਲ ਖ਼ਤਰਿਆਂ ਦੇ ਮੱਥਾ ਲਾਣ ਦੇ ਲਈ,
ਬੱਚੇ, ਬੁੱਢੇ ਤੇ ਸ਼ੇਰ ਜਵਾਨ ਜਾਗੇ ।
ਅੱਜ ਖੇਤਾਂ 'ਚੋਂ ਮੋਤੀ ਉਗਾਣ ਵਾਲੇ,
ਵਾਲੀ ਜਗਤ ਦੇ ਬੀਬੇ ਕਿਰਸਾਨ ਜਾਗੇ ।
ਇਹ ਵੀ ਚੰਗਾ ਹੈ ਪਿਸੇ ਮਜ਼ਲੂਮ ਖ਼ਾਤਰ,
ਸੁੱਤਾ ਹੋਇਆ ਜੇ ਕਿਤੋਂ ਭਗਵਾਨ ਜਾਗੇ ।
ਆਓ ਕੌਮ ਦਾ ਰੂਪ ਸੰਵਾਰ ਲਈਏ,
ਦੂਰ ਕਰ ਕੇ ਸਾਰੀਆਂ ਖ਼ਾਮੀਆਂ ਨੂੰ ।
'ਪੰਛੀ' ਗੱਲਾਂ ਦਾ ਕੋਈ ਨਹੀਂ ਮੁੱਲ ਹੁੰਦਾ,
ਫ਼ਲ ਲੱਗਦੇ ਸਦਾ ਕੁਰਬਾਨੀਆਂ ਨੂੰ ।

□



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com



ਕਰਤਾਰ ਸਿੰਘ 'ਪੰਛੀ'

ਪੰਜਾਬੀ ਦਾ ਅਗਾਂਹਵਧੂ ਕਵੀ ਕਰਤਾਰ ਸਿੰਘ 'ਪੰਛੀ' ਸ਼ਾਇਦ ਪੰਜਾਬੀ ਵਿਚ ਬਾਲ ਸਾਹਿਤ ਦੀ ਘਾਟ ਨੂੰ ਮਹਿਸੂਸ ਕਰਦਾ ਹੋਇਆ 'ਫੁੱਲਾਂ ਦੀ ਮੁਸਕਾਨ' ਕਵਿਤਾ ਦੇ ਰੂਪ ਵਿਚ ਲੈ ਕੇ ਹਾਜ਼ਰ ਹੋਇਆ ਹੈ।

'ਫੁੱਲਾਂ ਦੀ ਮੁਸਕਾਨ' ਵਿਚ ਉਸ ਦੀਆਂ ਕਵਿਤਾਵਾਂ, ਗੀਤ, ਗ਼ਜ਼ਲਾਂ ਨਿਰੋਲ ਸਕੂਲ ਜਾਂਦੇ ਬੱਚਿਆਂ ਲਈ ਹਨ। 'ਪੰਛੀ' ਬੱਚਿਆਂ ਨੂੰ ਫੁੱਲਾਂ ਵਰਗੇ ਕੋਮਲ ਸਮਝਦਾ ਹੈ ਅਤੇ ਉਨ੍ਹਾਂ ਦੀ ਮੁਸਕਾਨ ਨੂੰ ਜ਼ਿੰਦਗੀ ਦੀ ਅਸਲ ਪ੍ਰਾਪਤੀ। ਇਹੋ ਕਾਰਨ ਹੈ ਕਿ ਉਸ ਦੀਆਂ ਰਚਨਾਵਾਂ ਕਵੀ ਦੇ ਆਪਣੇ ਖੰਭਾਂ ਵਾਂਗ ਬੱਚਿਆਂ ਨੂੰ ਦੂਰ ਦੁਰਾਡੇ ਜਾਣ, ਵੇਖਣ ਅਤੇ ਮਾਣਨ ਦੀ ਪ੍ਰੇਰਨਾ ਦੇਂਦੀਆਂ ਹਨ। ਇਹ ਰਚਨਾਵਾਂ ਬੱਚਿਆਂ ਅੰਦਰ ਇਮਾਨਦਾਰੀ, ਪਿਆਰ, ਅਹਿਸਾਸ, ਦ੍ਰਿੜ੍ਹਤਾ, ਸੇਵਾ ਕੁਰਬਾਨੀ ਤੇ ਏਕਤਾ ਆਦਿ ਭਾਵਨਾਵਾਂ ਪੈਦਾ ਕਰਕੇ ਦੇਸ਼ ਤੇ ਲੋਕਾਂ ਲਈ ਕੁਝ ਕਰ ਗੁਜ਼ਰਨ ਲਈ ਹੁਲਾਰਾ ਦੇਂਦੀਆਂ ਹਨ।

ਮੈਨੂੰ ਪੂਰੀ ਆਸ ਹੈ ਕਿ ਬੱਚੇ ਇਸ ਪੁਸਤਕ ਦਾ ਭਰਪੂਰ ਸੁਆਗਤ ਕਰਨਗੇ। 'ਪੰਛੀ' ਨੇ ਉਨ੍ਹਾਂ ਦੀ ਮੁਸਕਾਨ ਉਨ੍ਹਾਂ ਨੂੰ ਵੰਡੀ ਹੈ। ਪੰਜਾਬੀ ਮਾਂ ਦਾ ਜਿਨ੍ਹਾਂ ਵੀ ਬਾਲਾਂ ਨੇ ਦੁੱਧ ਚੁੰਘਿਆ ਹੈ, ਉਨ੍ਹਾਂ ਲਈ ਇਹ ਪੁਸਤਕ ਪੜ੍ਹਨਾ ਅਤੇ ਇਸ ਵਿਚਲੀਆਂ ਰਚਨਾਵਾਂ ਨੂੰ ਕੰਠ ਕਰਨਾ ਇਕ ਲਾਹਵੰਦ ਕਾਰਜ ਹੋਵੇਗਾ - ਇਸ ਗੱਲ ਦਾ ਮੈਨੂੰ ਪੂਰਾ ਭਰੋਸਾ ਹੈ।

— **ਡਾ. ਐੱਸ ਤਰਸੇਮ**

ਸੰਸਾਰ ਦੀਆਂ ਲਗਭਗ ਸਾਰੀਆਂ ਪ੍ਰਮੁੱਖ ਭਾਸ਼ਾਵਾਂ ਵਿਚ ਬਾਲ ਸਾਹਿਤ ਲਿਖਣ ਦੀ ਪਰੰਪਰਾ ਸਦਾ ਸਜੀਵ ਰਹੀ ਹੈ ਤੇ ਬਾਲ ਸਾਹਿਤ ਦੀ ਸਿਰਜਣਾ ਲਈ ਵਿਸ਼ੇਸ਼ ਯਤਨ ਹੁੰਦੇ ਰਹੇ ਹਨ। ਬਾਲ ਸਾਹਿਤ ਲਿਖਣਾ ਬੇਸ਼ਕ ਇਕ ਕਠਿਨ ਕਾਰਜ ਹੈ, ਪਰ ਇਸ ਦਾ ਲਿਖਿਆ ਜਾਣਾ ਬੇਹਦ ਜ਼ਰੂਰੀ ਹੈ। ਬੱਚੇ ਆਪਣੇ ਬਚਪਨ ਦੇ ਤੋਤਲੇ ਦਿਨਾਂ ਵਿਚ ਆਪਣੇ ਜਜ਼ਬਿਆਂ ਦੇ ਹਾਣ ਦੇ ਤੇ ਕਲਪਨਾਸ਼ੀਲ ਬਾਲ ਸਾਹਿਤ ਨੂੰ ਪੜ੍ਹ ਕੇ ਹੀ ਜਵਾਨ ਉਮਰ ਵਿਚ ਪਹੁੰਚ ਕੇ ਗੰਭੀਰ ਸਾਹਿਤ ਦੇ ਪਾਠਕ ਬਣ ਸਕਦੇ ਹਨ। ਪੰਜਾਬੀ ਸਾਹਿਤ ਵਿਚ ਬਾਲ ਸਾਹਿਤ ਦੀ ਬੇਹਦ ਕਮੀ ਹੈ ਤੇ ਬਾਲ ਸਾਹਿਤ ਦੀ ਰਚਨਾ ਨੂੰ ਸਾਡੇ ਲੇਖਕਾਂ ਨੇ ਇਕ ਗੰਭੀਰ ਕਾਰਜ ਨੂੰ ਨੇਪਰੇ ਚਾੜ੍ਹਨ ਵਾਂਗ ਨਹੀਂ ਅਪਣਾਇਆ। ਪਿਛਲੇ ਕੁਝ ਅਰਸੇ ਤੋਂ ਇਸ ਪਾਸੇ ਸੁਚੇਤ ਯਤਨ ਹੋਏ ਹਨ ਤੇ ਸਾਡੇ ਪ੍ਰਮੁੱਖ ਲੇਖਕਾਂ ਨੇ ਇਸ ਪਾਸੇ ਵੀ ਆਪਣੀ ਰੁਚੀ ਵਿਖਾਈ ਹੈ। ਕਰਤਾਰ ਸਿੰਘ ਪੰਛੀ ਦੀ ਪੁਸਤਕ ਬਾਲ ਸਾਹਿਤ ਦੀ ਰਚਨਾ ਵਿਚ ਇਕ ਗੰਭੀਰ ਯਤਨ ਹੈ। ਪੰਛੀ ਜੀ ਦੀਆਂ ਕਵਿਤਾਵਾ ਵਿਚ ਬਾਲ-ਮਨ ਵਰਗੀ ਕੋਮਲਤਾ, ਗੰਭੀਰ ਜੀਵਨ-ਨੁਕਤਿਆਂ ਦੀ ਸਰਲ ਪੇਸ਼ਕਾਰੀ ਤੇ ਕਾਵਿਕ ਰਵਾਨਗੀ ਹੈ। ਪੰਛੀ ਜੀ ਦੀ ਇਹ ਰਚਨਾ ਜਿਥੇ ਬਾਲ-ਮਨਾਂ ਦੀ ਉਸਾਰੂ ਰਹਿਨੁਮਾਈ ਕਰਨ ਦੇ ਸਮਰੱਥ ਹੈ, ਉਥੇ ਸਾਡੇ ਲੇਖਕਾ ਲਈ ਵੀ ਪ੍ਰੇਰਨਾ ਦਾ ਸ੍ਰੋਤ ਹੈ। ਮੇਰੀ ਮੁਬਾਰਕ।

—**ਪ੍ਰਮਿੰਦਰਜੀਤ**

Sri Satguru Jagjit Singh Ji eLibrary NamdhariElibrary@gmail.com